Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 04-11-2023 • Vol.41 No.44 • Ph. : 0175-2214575, 90410-14575 • Page : 16 E-mail : khetiduniyan1983@gmail.com



## ਆਓ ਅਗਲੇ ਸਾਲ ਦੀ ਬਿਜਾਈ ਲਈ ਆਪਣਾ ਝੋਨੇ ਦਾ ਬੀਜ ਹੁਣ ਸਾਂਭੀਏ

ਝੋਨਾ ਪੰਜਾਬ ਵਿਚ ਸਾਉਣੀ ਦੀ ਮੁੱਖ ਫਸਲ ਹੈ ਅਤੇ ਹਰ ਸਾਲ ਤਕਰੀਬਨ 31.5 ਲੱਖ ਹੈਕਟੇਅਰ ਰਕਬੇ ਉੱਪਰ ਬੀਜੀ ਜਾਂਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਝੋਨੇ ਦੀਆਂ ਨਵੀਆਂ ਕਿਸਮਾਂ ਵਿਕਸਿਤ ਕੀਤੀਆਂ ਜਾਂਦੀਆਂ ਹਨ ਅਤੇ ਕਿਸਾਨਾਂ ਨੂੰ ਉਹਨਾਂ ਕਿਸਮਾਂ ਦਾ ਬੀਜ ਵੀ ਪੀ. ਏ. ਯੂ. ਲੁਧਿਆਣਾ ਦੇ ਮੇਲਿਆਂ ਵਿਚ ਅਤੇ ਪੀ.ਏ.ਯੂ. ਦੇ ਵੱਖ ਵੱਖ ਕੇਂਦਰਾਂ ਤੋਂ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ। ਪਰ ਪੀ. ਏ. ਯੂ. ਲੁਧਿਆਣਾ ਜਾਂ ਹੋਰ ਸਰਕਾਰੀ ਅਦਾਰਿਆਂ ਦੀ ਬੀਜ ਪੈਦਾ ਕਰਨ ਦੀ ਸਮਰੱਥਾ ਸੀਮਿਤ ਹੈ । ਇਸ ਲਈ ਕਿਸਾਨ ਵੀਰਾਂ ਨੂੰ ਪੀ.ਏ.ਯੂ. ਵਲੋਂ ਹਰ ਮੰਚ ਤੋਂ ਇਹ ਸਿਫਾਰਿਸ਼ ਵੀ ਕੀਤਾ ਜਾਂਦਾ ਹੈ ਕਿ ਉਹ ਇਸ ਸਾਲ ਝੋਨੇ ਦਾ ਆਪਣਾ ਗੁਣਵੱਤਾ ਵਾਲਾ ਬੀਜ ਆਪਣੇ ਖੇਤ ਵਿਚੋਂ ਹੀ ਰੱਖ ਲੈਣ। ਇਸ ਤਰ੍ਹਾਂ ਕਰਨ ਨਾਲ ਕਿਸਾਨਾਂ ਦੀ ਝੋਨੇ ਦੇ ਬੀਜ ਦੀ ਜ਼ਰੂਰਤ ਵੀ ਪੂਰੀ ਹੋ ਜਾਵੇਗੀ ਅਤੇ ਹਰ ਸਾਲ ਨਵਾਂ ਬੀਜ ਖਰੀਦ ਕੇ ਜੇਬ ਉੱਪਰ ਭਾਰ ਵੀ ਥੋੜ੍ਹਾ ਘਟੇਗਾ ।

ਝੋਨੇ ਦੀ ਵਾਢੀ ਹੁਣ ਸ਼ੁਰੂ ਹੋ ਗਈ ਹੈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਖੇਤਾਂ ਵਿਚੋਂ ਅਗਲੇ ਸਾਲ ਬੀਜਣ ਲਈ ਝੋਨੇ ਦਾ ਬੀਜ ਰੱਖ ਲੈਣ ਤਾਂ ਜੋ ਆਏ ਸਾਲ ਸਾਰਾ ਦਾ ਸਾਰਾ ਨਵਾਂ ਬੀਜ ਖਰੀਦਣਾ ਨਾ ਪਵੇ ਅਤੇ ਘੱਟ ਬੀਜ ਖਰੀਦ ਕੇ ਹੀ ਸਰ ਜਾਵੇ । ਝੋਨੇ ਦਾ ਮਿਆਰੀ ਬੀਜ ਰੱਖਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਕਿਉਕਿ ਮਿਆਰੀ ਗੁਣਵੱਤਾ ਵਾਲਾ ਬੀਜ ਕੁਝ ਮਾਪਦੰਡਾਂ ਨੂੰ ਪੂਰਾ ਕਰਦਾ ਹੈ ।

1. ਕਿਸਾਨ ਆਪਣੀ ਜ਼ਰੂਰਤ ਦੀ ਬਿਜਾਈ ਲਈ ਝੋਨੇ ਦਾ ਬੀਜ ਰੱਖਣ ਲਈ ਨਰੋਈ ਫਸਲ ਦੀ ਚੋਣ ਕਰਨ ਅਤੇ ਇਸ ਵਿੱਚੋਂ ਬਿਮਾਰੀ ਵਾਲੇ, ਕਮਜ਼ੋਰ, ਉੱਚੇ-ਨੀਵੇਂ ਬੂਟੇ ਅਤੇ ਹੋਰ ਕਿਸਮਾਂ ਦੇ ਬੂਟੇ ਪੁੱਟ ਕੇ ਬਾਹਰ ਸੁੱਟਣ ਅਤੇ ਫਿਰ ਬੀਜ ਲਈ ਰੱਖਣ ਲਈ ਫਸਲ ਨੂੰ ਅਲੱਗ ਹੱਥੀਂ ਕੱਟ ਅਤੇ ਵੱਖਰੀ ਹੀ ਪੱਕੇ ਫਰਸ਼ ਉੱਪਰ ਝਾੜੋ ।

2. ਫਸਲ ਨੂੰ ਝਾੜਨ ਤੋਂ ਬਾਅਦ ਬੀਜ ਨੂੰ ਚੰਗੀ ਤਰ੍ਹਾਂ ਸਾਫ ਕਰਨ ਲਵੋ ਤਾਂ ਜੋ ਝੋਨੇ ਦਾ ਬੀਜ ਨਦੀਨਾਂ ਦੇ ਬੀਜਾਂ ਤੋਂ ਮੁਕਤ ਹੋਵੇ ।

3. ਕਿਸਾਨ ਜੇਕਰ ਇਕ ਕਨਾਲ ਰਕਬੇ ਵਿੱਚੋਂ ਝੋਨੇ ਦਾ ਬੀਜ ਰੱਖ ਲੈਂਦੇ ਹਨ ਤਾਂ ਉਹ ਤਕਰੀਬਨ 8 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ 46 ਏਕੜ ਦੀ ਪਨੀਰੀ ਤਿਆਰ ਕਰਨ ਲਈ ਸਹਾਈ ਹੋਵੇਗਾ । ਇਸ ਤਰ੍ਹਾਂ ਜਿੰਨੇ ਵੀ ਬੀਜ ਦੀ ਜ਼ਰੂਰਤ ਹੈ ਉਹ ਉਸ ਹਿਸਾਬ ਨਾਲ ਬੀਜ ਲਈ ਝੋਨੇ ਦੀ ਵਾਢੀ ਕਰਕੇ ਆਪਣਾ ਬੀਜ ਸਾਂਭ ਸਕਦੇ ਹਨ ।

4. ਬੀਜ ਵਾਲੀ ਫਸਲ ਨੂੰ ਕੰਬਾਈਨ ਨਾਲੋਂ ਦਾਤੀਆਂ ਨਾਲ ਵੱਢਣ ਨੂੰ ਤਰਜੀਹ ਦਿਓ ਕਿਉਕਿ ਕੰਬਾਈਨ ਵੱਖ ਵੱਖ ਖੇਤਾਂ ਵਿੱਚੋਂ ਝੋਨੇ ਦੀ ਕਟਾਈ ਕਰ ਕੇ ਆਉਂਦੀ ਹੈ ਉਸ ਨਾਲ ਤੁਹਾਡੇ ਬੀਜ ਵਿਚ ਦੂਸਰੀ ਕਿਸਮ ਦੇ ਮਿਲਣ ਦਾ ਖਤਰਾ ਬਣ ਜਾਂਦਾ ਹੈ ਜੋ ਕਿ ਚੰਗੇ ਬੀਜ ਨੂੰ ਰੱਖਣ ਲਈ ਸਹੀ ਨਹੀਂ ਹੈ ।

5. ਬੀਜ ਲਈ ਫਸਲ ਨੂੰ ਉਸ ਸਮੇਂ ਕੱਟੋ ਜਦੋਂ ਫਸਲ ਦੀਆਂ ਮੁੰਜਰਾਂ ਪੱਕ ਜਾਣ ਅਤੇ ਪਰਾਲੀ ਦਾ ਰੰਗ ਪੀਲੇਪਨ ਵਿਚ ਬਦਲ ਜਾਵੇ । ਜੇਕਰ ਕਟਾਈ ਫਸਲ ਦੇ ਜ਼ਿਆਦਾ ਪੱਕਣ ਤੇ ਕੀਤੀ ਜਾਵੇ ਤਾਂ ਦਾਣੇ ਮੁੰਜਰਾਂ ਨਾਲੋਂ ਕਿਰ ਜਾਂਦੇ ਹਨ ਜਿਸ ਨਾਲ ਨੁਕਸਾਨ ਹੋ ਜਾਂਦਾ ਹੈ ।

6. ਝੋਨੇ ਦੇ ਬੀਜ ਨੂੰ ਘੱਟ ਤੋਂ ਘੱਟ ਇਕ ਹਫਤੇ ਲਈ ਚੰਗੀ ਧੁੱਪ ਲਗਾ ਕੇ ਚੰਗੀ ਤਰ੍ਹਾਂ ਸੁਕਾ ਲਵੋ । ਬੀਜ ਨੂੰ ਸੰਭਾਲਣ ਲਈ ਬੀਜ ਵਿਚ 12 ਪ੍ਰਤੀਸ਼ਤ ਨਮੀ ਹੋਣੀ ਚਾਹੀਦੀ ਹੈ। ਜੇਕਰ ਨਮੀ ਦੀ ਮਾਤਰਾ ਸਹੀ ਹੈ ਅਤੇ ਬੀਜ ਚੰਗੀ ਤਰ੍ਹਾਂ ਸੁੱਕਾ ਹੈ ਉਸ ਨੂੰ ਸਾਫ-ਸੁਥਰੇ ਢੋਲਾਂ ਵਿਚ ਭਰ ਲਓ ।

7. ਜਿਸ ਤਰ੍ਹਾਂ ਉਪਜ ਦਾ ਮੰਡੀਕਰਨ ਇੱਕ ਬਹਤ ਹੀ ਮਹੱਤਵਪੂਰਨ ਕਾਰਜ ਹੈ ਉਸੇ ਤਰ੍ਹਾਂ ਫਸਲ ਦਾ ਬੀਜ ਲਈ ਰੱਖਣਾ ਵੀ ਬਹਤ ਹੀ ਮਹੱਤਵਪੂਰਨ ਕੰਮ ਹੈ ਕਿਉਕਿ ਇਸਦਾ ਕਿਸਾਨ ਦੀ ਆਮਦਨ ਉੱਪਰ ਸਿੱਧਾ ਅਸਰ ਪੈਂਦਾ ਹੈ ।

ਅਗਲੇ ਸਾਲ ਦੀ ਬਿਜਾਈ ਲਈ ਪੀ. ਏ. ਯੂ. ਵੱਲੋਂ ਪ੍ਰਮਾਣਿਤ ਕਿਸਮਾਂ ਦਾ ਬੀਜ ਸੁਚੱਜੇ ਤਰੀਕੇ ਨਾਲ ਝਾੜ ਕੇ, ਸਫਾਈ ਕਰਕੇ ਅਤੇ ਸਹੀ ਤਰੀਕੇ ਨਾਲ ਸਟੋਰ ਕਰ ਲਵੋ ।

**ਅਮਿਤ ਕੌਲ ਅਤੇ ਬੂਟਾ ਸਿੰਘ ਢਿੱਲੋਂ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**

KS GROUP
SINCE 1968
MALERKOTLA, PUNJAB
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
2 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੇਂਟ ਡਿਜ਼ਾਇਨ
• ਬੁਕਿੰਗ ਸ਼ੁਰੂ

TOLL FREE NUMBER
1800-120-004455

www.ksagrotech.org, www.bewindia.co, www.ksagri.in

### ਕਿਸਾਨ ਵੀਰੋ !

## ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**

ਅੰਦਰ ਪੜ੍ਹੋ



ਬੀਜ ਦੀ ਸੋਧ – ਫਸਲ ਪ੍ਰਬੰਧਨ ਲਈ ਇੱਕ ਸ਼ੁਰੂਆਤੀ ਕਦਮ



ਜੈਵਿਕ ਕਣਕ ਦੀ ਕਾਸ਼ਤ



ਕਣਕ ਦੀ ਬਿਜਾਈ ਤੋਂ ਪਹਿਲਾਂ ਪਰਾਲੀ ਨੂੰ ਕਿਵੇਂ ਸਾਂਭੀਏ



ਮੰਡੀ ਤੱਕ ਨਰਮੇ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਧਿਆਨ ਦਿਓ



ਉੱਗਣ ਦੇ ਦੌਰਾਨ, ਬੀਜਾਂ ਨੂੰ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿਚ ਬੀਜ ਅਤੇ ਮਿੱਟੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ, ਪਰਜੀਵੀ ਅਤੇ ਵਾਤਾਵਰਨ ਤਣਾਅ ਸ਼ਾਮਲ ਹਨ । ਬੀਜ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਨੂੰ ਦਰਪੇਸ਼ ਰੁਕਾਵਟਾਂ ਨੂੰ ਘਟਾਉਣ ਲਈ ਬੀਜ ਦੀ ਸੋਧ ਸਭ ਤੋਂ ਪ੍ਰਭਾਵਸ਼ਾਲੀ ਢੰਗਾਂ ਵਿਚੋਂ ਇਕ ਹੈ ।



# ਬੀਜ ਦੀ ਸੋਧ

## ਫਸਲ ਪ੍ਰਬੰਧਨ ਲਈ ਇੱਕ ਸ਼ੁਰੂਆਤੀ ਕਦਮ

ਨਰੇਸ਼ ਕੁਮਾਰ ਅਤੇ ਨਰਿੰਦਰ ਦੀਪ,
ਕ੍ਰਿਸ਼ੀ ਵਿਗਿਆਨ ਕੇਂਦਰ, ਪਠਾਨਕੋਟ (ਮੋ: 98762-95717)

### ਬੀਜ ਦੀ ਸੋਧ ਦੀਆਂ ਸ਼੍ਰੇਣੀਆਂ

**1) ਬੀਜ ਸੁਰੱਖਿਆ** : ਮਿੱਟੀ ਤੋਂ ਪੈਦਾ ਹੋਣ ਵਾਲੇ ਰੋਗਾਣੂਆਂ ਤੋਂ ਬੀਜ ਅਤੇ ਬੀਜ ਦੀ ਰੱਖਿਆ ਕਰਨ ਲਈ ਰਸਾਇਣਕ, ਜੈਵਿਕ ਜਾਂ ਦੋਵਾਂ ਦੇ ਸੁਮੇਲ ਦੀ ਵਰਤੋਂ ।

**2) ਬੀਜ ਦੂਸ਼ਿਤ ਕਰਨਾ** : ਬੀਜਾਂ ਦੀ ਸਤ੍ਹਾ ਤੋਂ ਬੀਜਾਣੂਆਂ ਅਤੇ ਹੋਰ ਕਿਸਮਾਂ ਦੇ ਗੰਦਗੀ ਨੂੰ ਖਤਮ ਕਰੋ । ਜਰਾਸੀਮ ਨੂੰ ਖਤਮ ਕਰੋ ਜਿਨ੍ਹਾਂ ਨੇ ਬੀਜ ਦੇ ਜੀਵਿਤ ਸੈੱਲਾਂ ਵਿਚ ਘੁਸਪੈਠ ਕੀਤੀ ਹੈ, ਇਸ ਨੂੰ ਸੰਕਰਮਿਤ ਕੀਤਾ ਹੈ, ਅਤੇ ਮਜ਼ਬੂਤੀ ਨਾਲ ਸਥਾਪਿਤ ਹੋ ਗਏ ਹਨ ।

### ਵੱਖ-ਵੱਖ ਹਾੜ੍ਹੀ ਦੀਆਂ ਫਸਲਾਂ ਦੀ ਬੀਜ ਸੋਧ :

**1. ਕਣਕ ਬੀਜ ਦੀ ਸੋਧ**

**ੳ) ਸਿਉਂਕ ਵਾਸਤੇ** : ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿਚ ਬੀਜ ਨੂੰ 1 ਗ੍ਰਾਮ ਕਰੂਜ਼ਰ 70 ਡਬਲਯੂ ਐਸ (ਥਾਇਆਮੀਥੋਕਸਮ) ਜਾਂ 4 ਮਿਲੀ ਲਿਟਰ ਡਰਸਬਾਨ/ਰੂਬਾਨ/ਡਰਮੈਟ 20 ਈ ਸੀ (ਕਲੋਰੋਪਾਈਰੀਫਾਸ) ਜਾਂ 2 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ+ਹੈਕਸਾਕੋਨਾਜ਼ੋਲ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਸੁਕਾ ਲਵੋ । ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ ।

**ਅ) ਸਿੱਟੇ ਦੀ ਕਾਂਗਿਆਰੀ ਵਾਸਤੇ** : 13 ਮਿਲੀਲਿਟਰ ਰੈਕਸਲ ਈਜ਼ੀ /ਓਰੀਅਸ 6 ਐਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ+ਟੈਟਰਾਮੀਥਾਈਸ ਥਾਈਯੂਰਮ ਡਾਈਸਲਫਾਈਡ) ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂ ਸੀਡ/ਸੀਡੈਕਸ/ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ ।

**ੲ) ਪੱਤਿਆਂ ਦੀ ਕਾਂਗਿਆਰੀ ਵਾਸਤੇ** : 13 ਮਿਲੀਲਿਟਰ ਓਰੀਅਸ 6 ਐਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ+ਟੈਟਰਾਮੀਥਾਈਸ ਥਾਈਯੂਰਮ ਡਾਈਸਲਫਾਈਡ)ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬਸੀਡ / ਸੀ ਡੈਕਸ / ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ । ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇੱਕ ਮਹੀਨੇ ਤੋਂ ਪਹਿਲਾਂ ਨਾ ਕਰੋ, ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ । ਬੀਜ ਦੀ ਸੋਧ, ਬੀਜ ਸੋਧਕ ਡਰੰਮ ਨਾਲ ਚੰਗੀ ਤਰ੍ਹਾਂ ਕੀਤੀ ਜਾ ਸਕਦੀ ਹੈ ।

**ਸ) ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਕੀਟਨਾਸ਼ਕਾਂ ਦੀ ਵਰਤੋਂ ਦੇ ਘੱਟੋ-ਘੱਟ 6 ਘੰਟੇ ਬਾਅਦ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਕਣਕ ਦੇ ਬੀਜ ਨੂੰ ਲਾਓ । 500 ਗ੍ਰਾਮ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਨੂੰ ਇਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਉ । ਸੋਧੇ ਬੀਜ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਛਾਵੇਂ ਸੁਕਾ ਲਉ ਅਤੇ ਛੇਤੀ ਬੀਜ ਦਿਉ । ਬੀਜ ਨੂੰ ਜੀਵਾਣੂੰ ਟੀਕਾ ਲਾਉਣ ਨਾਲ ਝਾੜ ਵੱਧਦਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਹੁੰਦਾ ਹੈ ।

**2. ਜੌਂ** : ਬਿਜਾਈ ਤੋਂ ਪਹਿਲਾਂ ਬੀਜ ਨੂੰ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) 1.5 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ । ਇਸ ਨਾਲ ਕਾਂਗਿਆਰੀ ਨਹੀਂ ਲੱਗਦੀ । ਕਾਂਗਿਆਰੀ ਦੀ ਰੋਕਥਾਮ ਲਈ ਧੁੱਪ ਨਾਲ ਸੋਧ ਵਾਲਾ ਤਰੀਕਾ ਅਪਣਾਇਆ ਜਾ ਸਕਦਾ ਹੈ ।

**3. ਬਹਾਰ ਰੁੱਤ ਦੀ ਮੱਕੀ** : ਸ਼ਾਖ ਦੀ ਮੱਖੀ ਦੀ ਰੋਕਥਾਮ ਲਈ ਪ੍ਰਤੀ ਕਿਲੋ ਬੀਜ ਨੂੰ 6 ਮਿਲੀਲਿਟਰ ਗਾਚੋ 600 ਐਫ ਐਸ (ਇਮਿਡਾਕਲੋਪਰਿਡ) ਦੇ ਹਿਸਾਬ ਨਾਲ ਸੋਧ ਲਓ ਅਤੇ ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਬੀਜ ਦਿਓ ।

**4. ਛੋਲੇ** : ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ । ਇਕ ਏਕੜ ਦੇ ਬੀਜ ਨੂੰ ਘੱਟੋ ਘੱਟ ਪਾਣੀ ਨਾਲ ਗਿੱਲਾ ਕਰਕੇ ਬੀਜ ਨੂੰ ਸਾਫ ਫਰਸ਼ ਉਤੇ ਵਿਛਾ ਲਓ । ਮੀਜ਼ੋਰਾਈਜ਼ੋਬੀਅਮ (ਐਲ ਜੀ ਆਰ-33) ਅਤੇ ਰਾਈਜ਼ੋਬੈਕਟੀਰੀਅਮ (ਆਰ ਬੀ-1) ਜੀਵਾਣੂੰ ਖਾਦ ਦੇ ਇੱਕ-ਇੱਕ ਪੈਕੇਟ ਨੂੰ ਮਿਲਾ ਕੇ, ਬੀਜ ਨਾਲ ਚੰਗੀ ਤਰ੍ਹਾਂ ਰਲਾ ਲਉ ਅਤੇ ਛਾਵੇਂ ਸੁਕਾ ਕੇ ਇੱਕ ਘੰਟੇ ਦੇ ਅੰਦਰ ਬੀਜ ਦਿਓ ।

**5. ਮਸਰ** : ਇਕ ਏਕੜ ਦੇ ਬੀਜ ਨੂੰ ਘੱਟੋ ਤੋਂ ਘੱਟ ਪਾਣੀ ਨਾਲ ਗਿੱਲਾ ਕਰਕੇ ਇਸ ਦੇ ਵਿੱਚ ਰਾਈਜ਼ੋਬੀਅਮ (ਐਲ ਐਲ ਆਰ-12) ਅਤੇ ਰਾਈਜ਼ੋਬੈਕਟੀਰੀਅਮ (ਆਰ ਬੀ-2) ਦੇ ਇੱਕ-ਇੱਕ ਪੈਕੇਟ ਨੂੰ ਚੰਗੀ ਤਰ੍ਹਾਂ ਰਲਾਓ । ਟੀਕਾ ਲੱਗੇ ਬੀਜ ਨੂੰ ਛਾਂ ਵਿਚ ਸੁਕਾ ਕੇ ਇੱਕ ਘੰਟੇ ਦੇ ਅੰਦਰ ਬੀਜ ਦਿਓ । ਮਿਸ਼ਰਿਤ ਟੀਕੇ ਦੀ ਵਰਤੋਂ ਨਾਲ ਫਸਲ ਦਾ ਵੱਧ ਝਾੜ ਲਿਆ ਜਾ ਸਕਦਾ ਹੈ । ਰਾਈਜ਼ੋਬੀਅਮ ਅਤੇ ਰਾਈਜ਼ੋਬੈਕਟੀਰੀਅਮ ਨੂੰ ਬੀਜ ਸੋਧ ਦਵਾਈ ਨਾਲ ਇਕੱਠਾ ਲਗਾਇਆ ਜਾ ਸਕਦਾ ਹੈ ।

**6. ਪਕਾਵੇਂ ਮਟਰ** : ਮਟਰਾਂ ਨੂੰ ਰਾਈਜ਼ੋਬੀਅਮ ਦਾ ਟੀਕਾ ਲਗਾਉਣ ਨਾਲ ਏਕੜ ਦੇ ਬੀਜ ਨੂੰ ਪੱਕੇ ਸਾਫ ਫਰਸ਼ ਉੱਪਰ ਘੱਟ ਤੋਂ ਘੱਟ ਪਾਣੀ ਨਾਲ ਭਿਉਂ ਲਉ । ਟੀਕੇ 43 ਦਾ ਇੱਕ ਪੈਕਟ ਇਸ ਭਿੱਜੇ ਹੋਏ ਬੀਜ ਨਾਲ ਚੰਗੀ ਤਰ੍ਹਾਂ ਰਲਾ ਦਿਉ ਅਤੇ ਬੀਜ ਛਾਂ ਵਿਚ ਸੁੱਕਾ ਲਉ ਅਤੇ ਤੁਰੰਤ ਬਿਜਾਈ ਕਰ ਦਿਉ ।

**7. ਗਰਮ ਰੁੱਤ ਦੀ ਮੂੰਗੀ** : ਇਕ ਏਕੜ ਦੇ ਬੀਜ ਨੂੰ ਤਕਰੀਬਨ 300 ਮਿਲੀਲਿਟਰ ਪਾਣੀ ਨਾਲ ਗਿੱਲਾ ਕਰੋ । ਬੀਜ ਨੂੰ ਮਿਸ਼ਰਿਤ ਜੀਵਾਣੂੰ ਖਾਦ ਦੇ ਟੀਕੇ ਦੇ ਇਕ ਪੈਕੇਟ (ਰਾਈਜ਼ੋਬੀਅਮ ਐਲ ਐਸ ਐਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) ਦੇ ਨਾਲ ਚੰਗੀ ਤਰ੍ਹਾਂ ਰਲਾ ਦਿਓ ਅਤੇ ਛਾਂ ਵਿਚ ਸਕਾਓ । ਟੀਕਾ ਲਗਾਉਣ ਤੋਂ ਇਕ ਘੰਟੇ ਦੇ ਅੰਦਰ ਬੀਜ ਦੀ ਬਿਜਾਈ ਕਰੋ । ਬੀਜ ਨੂੰ ਇਹ ਮਿਸ਼ਰਤ ਟੀਕਾ ਲਗਾਉਣ ਨਾਲ ਝਾੜ ਵੱਧਦਾ ਹੈ ।

**8. ਗਰਮ ਰੁੱਤ ਦੇ ਮਾਂਹ** : ਇਕ ਏਕੜ ਦੇ ਬੀਜ ਨੂੰ ਘੱਟੋ ਤੋਂ ਘੱਟ ਪਾਣੀ ਨਾਲ ਗਿੱਲਾ ਕਰੋ । ਰਾਈਜ਼ੋਬੀਅਮ (ਐਲ ਯੂ ਆਰ 6) ਦੇ ਪੈਕਟ ਨੂੰ ਗਿੱਲੇ ਬੀਜ ਨਾਲ ਚੰਗੀ ਤਰ੍ਹਾਂ ਰਲਾ ਦਿਓ ਅਤੇ ਛਾਂ ਵਿਚ ਸੁਕਾਓ । ਇੱਕ ਘੰਟੇ ਦੇ ਅੰਦਰ ਇਸ ਬੀਜ ਦੀ ਬਿਜਾਈ ਕਰੋ ।

**9. ਸੂਰਜਮੁਖੀ** : ਬੀਜ ਨੂੰ 6 ਗ੍ਰਾਮ ਟੈਗਰਾਨ 35 ਡਬਲਯੂ ਐਸ (ਮੈਟਾਲੈਕਸਲ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬਿਜਾਈ ਕਰੋ ।

**10. ਕਮਾਦ** : ਕਮਾਦ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿੱਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ । ਇਹ ਘੋਲ ਬਨਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਗੁੱਲੀਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿਚ ਡੋਬ ਲਵੋ ।

**11. ਬਰਸੀਮ** : ਬਰਸੀਮ ਜੇਕਰ ਨਵੇਂ ਖੇਤਾਂ ਵਿਚ ਬੀਜਣਾ ਹੋਵੇ ਤਾਂ ਬਰਸੀਮ ਦੇ ਬੀਜ ਨੂੰ ਟੀਕਾ ਲਾਉਣਾ ਬਹੁਤ ਜ਼ਰੂਰੀ ਹੈ, ਇਸ ਨਾਲ ਹਰੇ ਚਾਰੇ ਦਾ ਝਾੜ ਵੱਧ ਮਿਲਦਾ ਹੈ । ਇਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਨਾਲ ਭਿਉਂ ਲਉ । ਟੀਕੇ ਦਾ ਇੱਕ ਪੈਕਟ ਇਸ ਭਿੱਜੇ ਹੋਏ ਬੀਜ ਨਾਲ ਚੰਗੀ ਤਰ੍ਹਾਂ ਰਲਾ ਦਿਓ । ਇਹ ਕੰਮ ਪੱਕੇ ਸਾਫ ਫਰਸ਼/ਤਰਪਾਲ ਉੱਪਰ ਕਰੋ । ਫਿਰ ਬੀਜ ਛਾਂ ਵਿੱਚ ਸੁਕਾ ਲਉ ਅਤੇ ਉਸੇ ਦਿਨ (ਜੇ ਹੋ ਸਕੇ ਤਾਂ ਸ਼ਾਮ ਵੇਲੇ) ਛੱਟਾ ਖੜੇ ਪਾਣੀ ਵਿਚ ਦਿਓ ਤਾਂ ਜੋ ਸੂਰਜ ਦੀ ਧੁੱਪ ਨਾਲ ਟੀਕੇ ਦਾ ਅਸਰ ਜਾਇਆ ਨਾ ਹੋ ਜਾਵੇ ।

### ਬੀਜ ਦੀ ਸੋਧ ਵਿਚ ਸਾਵਧਾਨੀਆਂ

- ★ ਬੀਜ ਦੀ ਸੋਧ ਲਈ ਵਰਤੇ ਜਾਣ ਵਾਲੇ ਜ਼ਿਆਦਾਤਰ ਉਤਪਾਦ ਮਨੁੱਖਾਂ ਲਈ ਨੁਕਸਾਨਦੇਹ ਹੁੰਦੇ ਹਨ, ਪਰ ਉਹ ਆਪਣੇ ਆਪ ਬੀਜਾਂ ਲਈ ਵੀ ਨੁਕਸਾਨਦੇਹ ਹੋ ਸਕਦੇ ਹਨ । ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਸੋਧ ਕੀਤੇ ਬੀਜ ਨੂੰ ਕਦੇ ਵੀ ਮਨੁੱਖੀ ਜਾਂ ਜਾਨਵਰਾਂ ਦੀ ਖੁਰਾਕ ਵਜੋਂ ਨਾ ਵਰਤਿਆ ਜਾਵੇ ।



- ★ ਬੀਜ ਦੀ ਸੋਧ ਕਰਦੇ ਸਮੇਂ ਸਹੀ ਖੁਰਾਕ ਦਰ ਨੂੰ ਲਾਗੂ ਕਰਨ ਲਈ ਵੀ ਧਿਆਨ ਰੱਖਣਾ ਚਾਹੀਦਾ ਹੈ; ਬਹੁਤ ਜ਼ਿਆਦਾ ਜਾਂ ਬਹੁਤ ਘੱਟ ਸਮੱਗਰੀ ਨੂੰ ਲਾਗੂ ਕਰਨਾ ਉੰਨਾ ਹੀ ਨੁਕਸਾਨਦੇਹ ਹੋ ਸਕਦਾ ਹੈ ।
- ★ ਜੇਕਰ ਬੀਜਾਂ ਦਾ ਇਲਾਜ ਬੈਕਟੀਰੀਆ ਵਾਲੇ ਕਲਚਰ ਨਾਲ ਵੀ ਕਰਨਾ ਹੈ, ਤਾਂ ਬੀਜ ਪ੍ਰਕਿਰਿਆਵਾਂ ਦੇ ਹੇਠ ਲਿਖੇ ਕ੍ਰਮ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ : (ਉੱਲੀਨਾਸ਼ਕ, ਕੀਟਨਾਸ਼ਕ, ਰਾਈਜ਼ੋਬੀਆ) ਰੋਗ ਪ੍ਰਬੰਧਨ ਬੀਜ ਦੀ ਸੋਧ ਨਾਲ ਸ਼ੁਰੂ ਹੁੰਦਾ ਹੈ । ਬੀਜ ਦੀ ਸੋਧ ਦੇ ਕਈ ਫਾਇਦੇ ਉਤਪਾਦਕਾਂ ਵਿਚ ਪ੍ਰਸਿੱਧੀ ਪ੍ਰਾਪਤ ਕਰ ਰਹੇ ਹਨ ।

### ਇਹਨਾਂ ਲਾਭਾਂ ਵਿਚ ਹੇਠ ਲਿਖੇ ਹਨ :

- ★ ਬਾਅਦ ਵਿਚ ਰਸਾਇਣਕ ਉਪਯੋਗਾਂ (ਫੰਗੀਸਾਈਡਸ ਅਤੇ ਕੀਟਨਾਸ਼ਕਾਂ) ਦੀ ਲੋੜ ਨੂੰ ਘਟਾਉਂਦਾ ਹੈ ।
- ★ ਰੋਗਾਣੂਆਂ ਅਤੇ ਅਣਉਚਿਤ ਵਿਕਾਸ ਦੀਆਂ ਸਥਿਤੀਆਂ ਕਾਰਨ ਫਸਲਾਂ ਦੀਆਂ ਬਿਮਾਰੀਆਂ ਦੀ ਮੌਜੂਦਗੀ ਨੂੰ ਘਟਾਉਂਦਾ ਹੈ ।
- ★ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਜੜ੍ਹਾਂ ਦੇ ਵਿਕਾਸ ਨੂੰ ਵਧਾਉਂਦਾ ਹੈ ।
- ★ ਲਾਭਦਾਇਕ ਬੈਕਟੀਰੀਆ ਪ੍ਰਦਾਨ ਕਰਦਾ ਹੈ (ਉਦਾਹਰਨ ਲਈ, ਰਾਈਜ਼ੋਬੀਆ) ਜੇਕਰ ਉਹਨਾਂ ਨੂੰ ਫਿਲਰ ਵਿਚ ਜੋੜਿਆ ਜਾਂਦਾ ਹੈ ।
- ★ ਵਧੀਆ ਬੀਜ ਬੀਜਣ ਨਾਲ ਪੌਦਿਆਂ ਦੀ ਘਣਤਾ ਅਤੇ ਖੇਤ ਦੀ ਉਤਪਾਦਕਤਾ ਵਧਦੀ ਹੈ ।

# ਜੈਵਿਕ ਕਣਕ ਦੀ ਕਾਸ਼ਤ

ਅਮਨਦੀਪ ਸਿੰਘ ਸਿੱਧੂ ਅਤੇ
ਚਰਨਜੀਤ ਸਿੰਘ ਔਲਖ,
ਸਕੂਲ ਆਫ ਆਰਗੈਨਿਕ ਫਾਰਮਿੰਗ
(ਮੋ. 98726-64899)

**ਪੰਜਾਬ ਵਿਚ ਰਵਾਇਤੀ ਖੇਤੀ ਕਰਨ ਵਾਲੇ ਕਿਸਾਨਾਂ ਨੇ ਵੀ ਘਰੇਲੂ ਵਰਤੋਂ ਲਈ ਜੈਵਿਕ ਕਣਕ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ। ਜੈਵਿਕ ਕਣਕ ਦੀ ਸਫਲ ਕਾਸ਼ਤ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ :**



**ਖੇਤ ਦੀ ਚੋਣ** : ਜੈਵਿਕ ਖੇਤੀ ਲਈ ਸਭ ਤੋਂ ਉਪਜਾਊ ਖੇਤ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਇਸਦੀ ਚੋਣ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਲੋੜ ਪੈਣ ਤੇ ਆਉਣ ਵਾਲੇ ਸਾਲਾਂ ਵਿਚ ਜੈਵਿਕ ਖੇਤੀ ਹੇਠ ਰਕਬੇ ਵਿਚ ਵਾਧਾ ਕੀਤਾ ਜਾ ਸਕੇ।

**ਕਿਸਮਾਂ ਅਤੇ ਬੀਜ ਦੀ ਚੋਣ** : ਯੂਨੀਵਰਸਿਟੀ ਵੱਲੋਂ ਸਿਫਾਰਸ਼ ਸੁਧਰੀਆਂ ਕਿਸਮਾਂ ਵਿੱਚੋਂ ਕੋਈ ਵੀ ਕਿਸਮ ਜੈਵਿਕ ਖੇਤੀ ਅਧੀਨ ਬੀਜੀ ਜਾ ਸਕਦੀ ਹੈ ਪਰ ਪੀ ਬੀ ਡਬਲਯੂ-1 ਚਪਾਤੀ ਕਿਸਮ ਨੂੰ ਰੋਟੀ ਦੀ ਵਧੀਆ ਗੁਣਵੱਤਾ ਲਈ ਅਤੇ ਪੀ ਬੀ ਡਬਲਯੂ ਆਰ ਐੱਸ-1 ਨੂੰ ਸ਼ੂਗਰ ਦੇ ਮਰੀਜ਼ਾਂ ਲਈ ਤਰਜੀਹ ਦਿਉ।

**ਬੀਜ ਦੀ ਮਾਤਰਾ ਅਤੇ ਬਿਜਾਈ ਦਾ ਸਮਾਂ** : ਉੱਨਤ ਪੀ ਬੀ ਡਬਲਯੂ-550 ਅਤੇ ਪੀ ਬੀ ਡਬਲਯੂ-869 ਲਈ ਚੰਗੀ ਤਰ੍ਹਾਂ ਸਾਫ ਕੀਤਾ ਹੋਇਆ 45 ਕਿਲੋ ਬੀਜ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 40 ਕਿਲੋ ਬੀਜ ਵਰਤੋ। ਜੈਵਿਕ ਕਣਕ ਨੂੰ ਬੀਜਣ ਦਾ ਸਮਾਂ ਰਵਾਇਤੀ ਕਣਕ ਵਾਲਾ ਹੀ ਹੈ।

**ਬਿਜਾਈ ਦਾ ਢੰਗ** : ਕਣਕ ਨੂੰ ਕਿਸੇ ਵੀ ਰਵਾਇਤੀ ਢੰਗ ਨਾਲ ਬੀਜਿਆ ਜਾ ਸਕਦਾ ਹੈ। ਪਰ ਚੰਗੇ ਨਦੀਨ ਪ੍ਰਬੰਧ ਲਈ ਕਣਕ ਨੂੰ ਬੈੱਡ ਪਲਾਂਟਰ ਨਾਲ ਬੈੱਡਾਂ ਉੱਤੇ (37 ਸੈਮੀ. ਚੌੜੇ ਬੈੱਡ ਉੱਤੇ 2 ਕਤਾਰਾਂ ਅਤੇ ਦੋ ਬੈੱਡਾਂ ਵਿਚਕਾਰ 30 ਸੈਮੀ. ਚੌੜੀ ਖਾਲੀ) ਬੀਜੋ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : 500 ਗ੍ਰਾਮ ਕਨਸ਼ੋਰਸ਼ੀਅਮ ਜਾਂ 250 ਗ੍ਰਾਮ ਸਟਰੈਪਟੋਮਾਈਸੀਜ਼ ਜੀਵਾਣੂੰ ਖਾਦਾਂ (ਐਜ਼ੋ-ਐਸ) ਨੂੰ ਇਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਉ। ਸੋਧੇ ਬੀਜ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਛਾਵੇਂ ਸੁਕਾ ਲਉ ਅਤੇ ਛੇਤੀ ਬੀਜ ਦਿਉ।

**ਜੈਵਿਕ ਖਾਦਾਂ** : 8, 12 ਅਤੇ 16 ਟਨ ਗਲੀ ਸੜੀ ਰੂੜੀ ਪ੍ਰਤੀ ਏਕੜ ਕ੍ਰਮਵਾਰ ਜੈਵਿਕ ਮਾਦੇ ਦੇ ਪੱਖੋਂ ਭਾਰੀ, ਦਰਮਿਆਨੀ ਅਤੇ ਹਲਕੀ ਜ਼ਮੀਨ ਵਿਚ ਪਾਉ। ਕਣਕ ਦੀ 50 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਲੋੜ ਨੂੰ ਰੂੜੀ, ਗੰਡੋਆ ਖਾਦ ਅਤੇ ਰਿੰਡ ਦੀ ਖੱਲ ਨੂੰ ਵਰਤ ਕੇ ਵੀ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ 17 ਕੁਇੰਟਲ ਸੁੱਕੀ ਰੂੜੀ ਦੀ ਖਾਦ (1.0 ਪ੍ਰਤੀਸ਼ਤ ਨਾਈਟ੍ਰੋਜਨ), 11 ਕੁਇੰਟਲ ਗੰਡੋਆ ਖਾਦ (1.5 ਪ੍ਰਤੀਸ਼ਤ ਨਾਈਟ੍ਰੋਜਨ) ਅਤੇ 7.0 ਕੁਇੰਟਲ ਰਿੰਡ ਦੀ ਖਲ (2.5 ਪ੍ਰਤੀਸ਼ਤ ਨਾਈਟ੍ਰੋਜਨ) ਪ੍ਰਤੀ ਏਕੜ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੈਵਿਕ ਮੱਕੀ ਜਾਂ ਸੋਇਆਬੀਨ ਤੋਂ ਬਾਅਦ ਬੀਜੀ ਕਣਕ ਨੂੰ ਜੈਵਿਕ ਖੇਤੀ ਸ਼ੁਰੂ ਕਰਨ ਦੇ ਪਹਿਲੇ ਪੰਜ ਸਾਲ 8 ਟਨ ਸੁੱਕੀ ਹੋਈ ਗਲੀ ਸੜੀ ਰੂੜੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ਤੇ ਬਾਅਦ ਵਿਚ ਰੂੜੀ ਦੀ ਇਹ ਮਾਤਰਾ 25 ਫੀਸਦੀ ਘਟਾ ਦਿਉ। ਸਾਉਣੀ ਰੁੱਤ ਦੀ ਮੂੰਗੀ-ਕਣਕ-ਗਰਮੀ ਰੁੱਤ ਦੀ ਮੂੰਗੀ ਦੇ ਫਸਲੀ ਚੱਕਰ ਵਿਚ, ਜੈਵਿਕ ਕਣਕ ਦੇ ਖੁਰਾਕੀ ਤੱਤਾਂ ਦੀ ਲੋੜ ਨੂੰ ਬਿਜਾਈ ਦੇ ਸਮੇਂ 5 ਟਨ ਪ੍ਰਤੀ ਏਕੜ ਸੁੱਕੀ ਅਤੇ ਗਲੀ ਸੜੀ ਰੂੜੀ ਦੀ ਖਾਦ ਪਾ ਕੇ ਪੂਰਾ ਕੀਤਾ ਜਾ ਸਕਦਾ ਹੈ। ਜੈਵਿਕ ਖਾਦ ਕਿਸੇ ਵੀ ਜ਼ਹਿਰੀਲੇ ਪਦਾਰਥ ਤੋਂ ਮੁਕਤ ਹੋਣੀ ਚਾਹੀਦੀ ਹੈ।

**ਨਦੀਨ ਪ੍ਰਬੰਧ** : ਨਦੀਨ ਨਾਸ਼ਕਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ। ਕਣਕ ਦੀ ਥਾਂ ਤੇ ਬਰਸੀਮ, ਆਲੂ, ਰਾਇਆ, ਗੋਭੀ ਸਰੋਂ, ਸਿਆਲੂ ਮੱਕੀ ਆਦਿ ਫਸਲਾਂ ਬੀਜ ਕੇ, ਸਮੇਂ ਸਿਰ ਬਿਜਾਈ ਕਰਕੇ (ਅਕਤੂਬਰ ਦੇ ਅਖਰੀਲੇ ਜਾਂ ਨਵੰਬਰ ਦੇ ਪਹਿਲੇ ਹਫਤੇ) ਜਾਂ ਮਿੱਟੀ ਦੀ ਉੱਪਰਲੀ ਤਹਿ ਨੂੰ ਸੁਕਾ ਕੇ ਨਦੀਨਾਂ (ਖਾਸ ਕਰਕੇ ਗੁੱਲੀ ਡੰਡੇ) ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਬੈੱਡਾਂ ਉੱਤੇ ਬੀਜੀ ਕਣਕ (37 ਸੈਮੀ. ਚੌੜੇ ਬੈੱਡ ਉੱਤੇ 2 ਕਤਾਰਾਂ ਅਤੇ ਦੋ ਬੈੱਡਾਂ ਵਿਚਕਾਰ 30 ਸੈਮੀ. ਚੌੜੀ ਖਾਲੀ) ਵਿਚ ਬੈੱਡ ਪਲਾਂਟਰ ਵਿਚ ਥੋੜਾ ਬਦਲਾਅ ਕਰਕੇ (ਦੋ ਸਵੀਪ ਫਰੋ ਓਪਨਰਾਂ ਵਿਚਕਾਰ ਇਕ ਫਾਲਾ ਲਗਾ ਕੇ) ਬਿਜਾਈ ਤੋਂ 30 ਅਤੇ 45 ਦਿਨਾਂ ਬਾਅਦ ਦੋ ਗੋਡੀਆਂ ਕਰੋ। ਇਸ ਤਰ੍ਹਾਂ ਦੋ ਗੋਡੀਆਂ ਕਰਨ ਨਾਲ ਜੈਵਿਕ ਕਣਕ ਵਿਚ ਤਸੱਲੀਬਖਸ਼ ਨਦੀਨ ਪ੍ਰਬੰਧਨ ਕੀਤਾ ਜਾ ਸਕਦਾ ਹੈ। ਉੱਗੇ ਹੋਏ ਨਦੀਨਾਂ ਨੂੰ ਕਾਬੂ ਕਰਨ ਲਈ ਦੋ ਜਾਂ ਤਿੰਨ ਵਾਰ ਵੀਲ ਹੈਂਡ ਹੋਅ/ਖੁਰਪਾ ਜਾਂ ਕਸੋਲੇ ਨਾਲ ਗੋਡੀ ਕਰੋ। ਬਚੇ ਹੋਏ ਨਦੀਨਾਂ ਨੂੰ ਬੀਜ ਬਣਨ ਤੋਂ ਪਹਿਲਾਂ ਖੇਤ ਵਿੱਚੋਂ ਪੁੱਟ ਕੇ ਬਾਹਰ ਕੱਢ ਦੇਣਾ ਚਾਹੀਦਾ ਹੈ।

**ਕੀਟ ਅਤੇ ਬਿਮਾਰੀ ਪ੍ਰਬੰਧ** : ਕਿਸੇ ਵੀ ਰਸਾਇਣਕ ਕੀਟ ਅਤੇ ਉੱਲੀ ਨਾਸ਼ਕ ਦੀ ਵਰਤੋਂ ਨਹੀਂ ਕਰਨੀ। ਚੇਪਾ ਆਉਣ ਤੇ ਮਿੱਤਰ ਕੀੜੇ ਉਸਨੂੰ ਕਾਬੂ ਕਰ ਲੈਂਦੇ ਹਨ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਘਰ ਬਣਾਏ ਨਿੰਮ ਦੇ ਘੋਲ ਦੇ 2 ਲਿਟਰ ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫਤੇ-ਹਫਤੇ ਦੇ ਵਕਫੇ ਤੇ ਨੈਪਸੈਕ ਪੰਪ ਨਾਲ ਦੋ ਛਿੜਕਾਅ ਕਰੋ।

**ਘਰ ਬਣਾਏ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ** : ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ ਅਤੇ ਇਸ ਘੋਲ ਨੂੰ ਕੱਪੜ ਛਾਣ ਕਰ ਲਉ ਅਤੇ ਤਰਨ ਨੂੰ ਸਿਫਾਰਿਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।

**ਮੰਡੀਕਰਨ** : ਜੈਵਿਕ ਕਣਕ ਲਈ ਕੋਈ ਵੱਖਰੀ ਮੰਡੀ ਨਹੀਂ ਹੈ। ਕਿਸਾਨਾਂ ਨੂੰ ਆਪਣੇ ਪੱਧਰ ਤੇ ਨੇੜੇ ਦੇ ਕਸਬਿਆਂ ਅਤੇ ਸ਼ਹਿਰਾਂ ਵਿਚ ਮੰਡੀਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸ਼ੁਰੂਆਤੀ ਦੌਰ ਵਿਚ ਜੈਵਿਕ ਕਣਕ ਦੀ ਕਾਸ਼ਤ ਥੋੜੇ ਰਕਬੇ ਤੋਂ ਸ਼ੁਰੂ ਕਰਨੀ ਚਾਹੀਦੀ ਅਤੇ ਮੰਗ ਦੇ ਹਿਸਾਬ ਨਾਲ ਰਕਬਾ ਵਧਾਉਣਾ ਚਾਹੀਦਾ ਹੈ। ਦੂਰ-ਦੁਰਾਡੇ ਸ਼ਹਿਰਾਂ ਵਿਚ ਮੰਡੀਕਰਨ ਕਰਨ ਲਈ ਪ੍ਰਮਾਣਤ ਜੈਵਿਕ ਖੇਤੀ ਚਾਹੀਦੀ



ਹੈ। ਪ੍ਰਮਾਣਤ ਜੈਵਿਕ ਖੇਤੀ ਲਈ ਭਾਰਤ ਸਰਕਾਰ 35 ਨਿਰੀਖਣ ਅਤੇ ਪ੍ਰਮਾਣੀਕਰਨ ਏਜੰਸੀਆਂ ਨੂੰ ਮਾਨਤਾ ਦਿੱਤੀ ਗਈ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

## KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 41 ਅੰਕ 44**
**ਮਿਤੀ 04-11-2023**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


### ਪੰਜਾਬ ਤੇ ਹਰਿਆਣਾ 'ਚ ਕੰਪ੍ਰੈਸਡ ਬਾਇਓਗੈਸ ਪਲਾਂਟ ਦੀ ਯੋਜਨਾ ਨੂੰ ਰਫਤਾਰ ਦੇਵੇਗੀ ਕੇਂਦਰ ਸਰਕਾਰ

# ਪਰਾਲੀ ਦਾ ਜੰਜਾਲ ਹੁਣ ਬਸ ਤਿੰਨ-ਚਾਰ ਸਾਲ

ਜਿਸ ਪਰਾਲੀ ਦੇ ਧੂੰਏਂ ਨਾਲ ਇਕ ਵਾਰ ਫਿਰ ਦਿੱਲੀ ਵਾਸੀਆਂ ਦੇ ਸਾਹ ਫੁੱਲਣ ਲੱਗੇ ਹਨ, ਉਸ ਤੋਂ ਅਗਲੇ ਤਿੰਨ-ਚਾਰ ਸਾਲਾਂ 'ਚ ਪੂਰੀ ਤਰ੍ਹਾਂ ਮੁਕਤੀ ਮਿਲ ਸਕਦੀ ਹੈ। ਕੇਂਦਰ ਸਰਕਾਰ ਦੇ ਯਤਨਾਂ ਨਾਲ ਪਰਾਲੀ ਖੇਤਾਂ 'ਚੋਂ ਚੁੱਕ ਕੇ ਇਸ ਦਾ ਭੰਡਾਰਨ ਕਰਨ ਤੇ ਫਿਰ ਇਸ ਨੂੰ ਬਾਲਣ ਵਜੋਂ ਵਰਤਣ ਦਾ ਪੁਖਤਾ ਪ੍ਰਬੰਧ ਕੀਤਾ ਜਾ ਰਿਹਾ ਹੈ। ਯੋਜਨਾ ਲਾਗੂ ਕਰਨ ਲਈ ਸਿੱਧਾ ਪ੍ਰਧਾਨ ਮੰਤਰੀ ਦਫਤਰ (ਪੀ. ਐੱਮ. ਓ.) ਵੀ ਗੰਭੀਰ ਹੈ ਤੇ ਇਸ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ। ਛੇਤੀ ਹੀ ਇਸ ਦੇ ਹਾਂ-ਪੱਖੀ ਨਤੀਜੇ ਮਿਲਣ ਦੀ ਉਮੀਦ ਵੀ ਨਜ਼ਰ ਆ ਰਹੀ ਹੈ।

ਪਰਾਲੀ ਦੇ ਹੱਲ ਲਈ ਪੰਜਾਬ 'ਚ 200 ਜਦਕਿ ਹਰਿਆਣੇ 'ਚ ਤਕਰੀਬਨ 120 ਕੰਪ੍ਰੈਸਡ ਬਾਇਓ ਗੈਸ ਪਲਾਂਟ ਲਾਏ ਜਾਣੇ ਹਨ। ਇਹ ਪਲਾਂਟ ਆਪਣੇ ਆਸਪਾਸ ਦੇ 10 ਕਿਲੋਮੀਟਰ ਦਾ ਏਰੀਆ ਕਵਰ ਕਰਨਗੇ। ਇੱਥੇ ਉਸ ਏਰੀਏ ਦੀ ਸਾਰੀ ਪਰਾਲੀ ਇਕੱਠੀ ਕਰ ਕੇ ਲਿਆਂਦੀ ਜਾਵੇਗੀ। ਹਰ ਰੋਜ਼ ਤਕਰੀਬਨ 300 ਟਨ ਪਰਾਲੀ ਦੀ ਖਪਤ ਕਰਨ ਦੀ ਯੋਜਨਾ ਹੈ। ਇਸ ਦੇ ਨਾਲ ਏਨੀ ਹੀ ਮਾਤਰਾ 'ਚ ਹੋਰ ਮਟੀਰੀਅਲ ਵੀ ਪ੍ਰੋਸੈਸ ਕੀਤਾ ਜਾਣਾ ਹੈ। ਇਸ ਨਾਲ 200 ਟਨ ਕੋਲਾ ਤੇ 250 ਟਨ ਕੈਟਲ ਫੀਡ ਬਣੇਗੀ। ਪਲਾਂਟ ਦੇ ਕਵਰ ਏਰੀਏ ਦੀ ਸਾਰੀ ਪਰਾਲੀ ਗੱਠਾਂ 'ਚ ਤਬਦੀਲ ਕਰ ਕੇ ਇੱਥੇ ਲਿਆਂਦੀ ਜਾਵੇਗੀ। ਇਨ੍ਹਾਂ ਗੱਠਾਂ ਨਾਲ ਬਾਇਓਗੈਸ ਬਣਾਈ ਜਾਵੇਗੀ। ਕਿਸਾਨਾਂ ਨੂੰ ਇਸ ਪਰਾਲੀ



ਬਦਲੇ ਨਕਦ ਰਾਸ਼ੀ ਦਿੱਤੀ ਜਾਵੇਗੀ। ਇਨ੍ਹਾਂ ਗੱਠਾਂ ਨਾਲ ਬਾਇਓਗੈਸ ਬਣਾਈ ਜਾਵੇਗੀ। ਕਿਸਾਨਾਂ ਨੂੰ ਇਸ ਪਰਾਲੀ ਬਦਲੇ ਨਕਦ ਰਾਸ਼ੀ ਦਿੱਤੀ ਜਾਵੇਗੀ। ਕਿਸਾਨਾਂ ਨੂੰ ਵੀ ਜਦੋਂ ਸਾੜਨ ਦੀ ਬਜਾਏ ਇਸ 'ਚ ਫਾਇਦੇ ਨਜ਼ਰ ਆਉਣਗੇ ਤਾਂ ਉਹ ਖੁਦ ਹੀ ਇਸ ਪ੍ਰਤੀ ਜਾਗਰੂਕ ਹੋਣਗੇ।

**ਹਰ ਪੱਧਰ 'ਤੇ ਕੀਤੀ ਜਾ ਰਹੀ ਕੋਸ਼ਿਸ਼**

ਬੇਲਰ ਮਸ਼ੀਨ ਨਾਲ ਪਰਾਲੀ ਨੂੰ ਲੱਕੜੀ ਦੀਆਂ ਗੱਠਾਂ 'ਚ ਤਬਦੀਲ ਕਰ ਕੇ ਅਤੇ ਫਿਰ ਇਸ ਨੂੰ ਗੱਠਰ 'ਚ ਬੰਨ੍ਹ ਕੇ ਇਸ ਦਾ ਭੰਡਾਰਨ ਕਰਨ ਅਤੇ ਇਸ ਨੂੰ ਪਲਾਂਟ ਤੱਕ ਲਿਜਾਣ ਦਾ ਕਾਰਗਰ ਪ੍ਰਬੰਧ ਨਹੀਂ ਬਣ ਸਕਿਆ ਪਰ ਇਸ ਦਿਸ਼ਾ 'ਚ ਹਾਲ ਹੀ 'ਚ ਪੰਜਾਬ ਤੇ ਹਰਿਆਣਾ ਦੋਵੇਂ ਸੂਬਿਆਂ 'ਚ ਕੇਂਦਰ ਸਰਕਾਰ ਦੇ ਨਾਲ-ਨਾਲ ਪੀ. ਐੱਮ. ਓ ਦੇ ਵੀ ਕੁਝ ਅਧਿਕਾਰੀਆਂ ਨੇ ਬੈਠਕ ਲਈ ਹੈ। ਸਾਰੀਆਂ ਸਮੱਸਿਆਵਾਂ ਨੂੰ ਸੁਲਝਾਉਣ ਤੇ ਕੰਪ੍ਰੈਸਡ ਬਾਇਓਗੈਸ ਪਲਾਂਟ ਸਥਾਪਤ ਕਰਨ ਦੀ ਪ੍ਰਕਿਰਿਆ ਨੂੰ ਰਫਤਾਰ ਦੇਣ ਲਈ ਹਰ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

**ਲਾਏ ਜਾਣਗੇ ਕੰਪ੍ਰੈਸਡ ਬਾਇਓਗੈਸ ਪਲਾਂਟ**

ਕੇਂਦਰ ਸਰਕਾਰ ਤੇ ਪੀ ਐੱਮ ਓ ਦੇ ਅਧਿਕਾਰੀ ਦੱਸਦੇ ਹਨ ਕਿ ਅਗਲੇ ਦੋ-ਤਿੰਨ ਸਾਲਾਂ 'ਚ ਪੰਜਾਬ ਤੇ ਹਰਿਆਣਾ ਦੋਵੇਂ ਸੂਬਿਆਂ 'ਚ ਕੰਪ੍ਰੈਸਡ ਬਾਇਓਗੈਸ ਪਲਾਂਟ ਲਾ ਦਿੱਤੇ ਜਾਣਗੇ। ਬੇਲਰ ਮਸ਼ੀਨਾਂ ਦੀ ਗਿਣਤੀ ਵੀ ਵਧਾਈ ਜਾਵੇਗੀ। ਇਸ ਤੋਂ ਬਾਅਦ ਉਮੀਦ ਹੈ ਕਿ ਅਗਲੇ ਇਕ-ਦੋ ਸਾਲਾਂ 'ਚ ਸਾਰੀ ਪਰਾਲੀ ਸੜਨ ਦੀ ਬਜਾਏ ਇਨ੍ਹਾਂ ਪਲਾਂਟਾਂ 'ਚ ਆਉਣ ਲੱਗੇਗੀ। ਇੱਥੇ ਪੈਦਾ ਬਾਇਓਗੈਸ ਤੇ ਕੋਲਾ ਮੌਜੂਦਾ ਕੋਲੇ ਤੋਂ ਵੀ ਸਸਤਾ ਪਵੇਗਾ। ਕੰਪ੍ਰੈਸਡ ਬਾਇਓਗੈਸ ਪਲਾਂਟ ਲਾਉਣ ਦੇ ਨਾਲ-ਨਾਲ ਪਰਾਲੀ ਖਪਾਉਣ ਲਈ ਸਾਰੇ ਥਰਮਲ ਪਾਵਰ ਪਲਾਂਟਾਂ 'ਚ ਵੀ ਪੰਜ ਤੋਂ ਦਸ ਫੀਸਦੀ ਤੱਕ ਇਨ੍ਹਾਂ ਦੀ ਲਾਜ਼ਮੀ ਵਰਤੋਂ ਕਰਨ ਦਾ ਹੁਕਮ ਵੀ ਛੇਤੀ ਹੀ ਜਾਰੀ ਕਰ ਦਿੱਤਾ ਜਾਵੇਗਾ।

**ਪੰਜਾਬ ਦਾ ਪੁਰਾਣਾ ਅਨੁਭਵ**

2018 'ਚ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਮਾ ਸਰਜਾ 'ਚ ਇਸ ਦੀ ਸ਼ੁਰੂਆਤ ਹੋਈ ਸੀ। ਤਤਕਾਲੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਨੀਂਹ ਪੱਥਰ ਰੱਖਿਆ ਸੀ ਪਰ ਇਹ ਯੋਜਨਾ ਸਿਰੇ ਨਹੀਂ ਚੜ੍ਹ ਸਕੀ। ਇਸ ਪਲਾਂਟ 'ਚ ਪਰਾਲੀ ਨਾਲ ਸਲਫਰ ਮੁਕਤ ਕੋਲਾ ਤੇ ਕੈਟਲ ਫੀਡ ਬਣਾਈ ਜਾਣੀ ਸੀ। ਬਾਇਓਗੈਸ ਪਲਾਂਟ ਚਲਾਉਣ ਲਈ ਪੰਜਾਬ ਸਰਕਾਰ ਨੇ ਚੇਨਈ ਦੀ ਨੈਵੇ ਰਿਨਿਊਏਬਲ ਐਨਰਜੀ ਪ੍ਰਾਈਵੇਟ ਲਿਮਟਿਡ ਨਾਲ ਟਾਈਅਪ ਕੀਤਾ ਸੀ। ਕੰਪਨੀ ਨੇ ਪੂਰੇ ਸੂਬੇ ਨਾਲ ਪਲਾਂਟ ਲਈ 10 ਹਜ਼ਾਰ ਕਰੋੜ ਰੁਪਏ ਨਿਵੇਸ਼ ਕਰਨਾ ਸੀ। ਨੀਂਹ ਪੱਥਰ ਰੱਖਣ ਤੋਂ ਬਾਅਦ ਪੰਜਾਬ ਸਰਕਾਰ ਦੀ ਦਿਲਚਸਪੀ ਨਾ ਹੋਣ ਕਾਰਨ ਇਹ ਪ੍ਰਾਜੈਕਟ ਫੇਲ੍ਹ ਰਿਹਾ।

# ਖੇਤ ਵਿਚ ਪਰਾਲੀ ਸਾਂਭਣ ਵੱਲ ਪਹਿਲਾ ਕਦਮ ਪੀ.ਏ.ਯੂ. ਸੁਪਰ ਐੱਸ.ਐੱਮ.ਐੱਸ.

ਪੀ. ਏ. ਯੂ., ਲੁਧਿਆਣਾ ਵੱਲੋਂ ਕੰਬਾਇਨ ਦੇ ਪਿੱਛੇ ਫਿੱਟ ਹੋਣ ਵਾਲਾ ਇਕ ਯੰਤਰ ''ਪੀ. ਏ. ਯੂ. ਸੁਪਰ ਐੱਸ. ਐੱਮ ਐੱਸ.'' ਵਿਕਸਤ ਕੀਤਾ ਗਿਆ ਹੈ, ਜਿਸ ਨਾਲ ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਇਕਸਾਰ ਖਿਲਾਰਿਆ ਜਾ ਸਕਦਾ ਹੈ। ਇਹ ਯੰਤਰ ਸਵੈ-ਚਲਿਤ ਕੰਬਾਇਨ ਦੇ ਪਿੱਛੇ ਫਿੱਟ ਹੁੰਦਾ ਹੈ ਅਤੇ ਵਾਕਰਾਂ ਵਿਚ ਹੇਠਾਂ ਡਿੱਗਣ ਵਾਲੀ ਪਰਾਲੀ ਦਾ ਇਕਸਾਰ ਕੁਤਰਾ ਕਰਕੇ ਖੇਤ ਵਿਚ ਖਿਲਾਰਦਾ ਹੈ।

**ਸੁਪਰ ਐਸ. ਐਮ. ਐਸ ਦੀਆਂ ਮੁੱਖ ਵਿਸ਼ੇਸ਼ਤਾਵਾਂ :**

1. ਇਕਸਾਰ ਖਿੱਲਰੀ ਹੋਈ ਪਰਾਲੀ ਨਾਲ ਖੇਤ ਵਿੱਚ ਵੱਤਰ ਇਕਸਾਰ ਰਹਿੰਦਾ ਹੈ। ਜਿਸ ਨਾਲ ਕਣਕ ਦਾ ਜੰਮ ਇਕਸਾਰ ਹੁੰਦਾ ਹੈ।

2. ਕੁਤਰੀ ਅਤੇ ਇਕਸਾਰ ਖਿੱਲਰੀ ਪਰਾਲੀ ਵਿੱਚ ਨਮੀ ਛੇਤੀ ਮੁੱਕਦੀ ਹੈ ਜਿਸ ਨਾਲ ਖੇਤ ਨਾਲ ਪਰਾਲੀ ਦਾ ਲੋਡ ਘੱਟਦਾ ਹੈ। ਇਸ ਨਾਲ ਕਣਕ ਬੀਜਣ ਵਾਲੀਆਂ ਮਸ਼ੀਨਾਂ ਜਿਵੇਂ ਕਿ ਹੈਪੀ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ ਦੀ ਕਾਰਜ ਸਮਰੱਥਾ ਵਿਚ ਵਾਧਾ ਹੁੰਦਾ ਹੈ ਅਤੇ ਡੀਜ਼ਲ ਦੀ ਖਪਤ ਘੱਟ ਹੁੰਦੀ ਹੈ।




3. ਲੇਬਰ ਲਾ ਕੇ ਹੱਥ ਨਾਲ ਪਰਾਲੀ ਖਿੰਡਾਉਣ ਨਾਲ ਸਮੇਂ ਅਤੇ ਖਰਚੇ ਦੀ ਬੱਚਤ ਵੀ ਹੁੰਦੀ ਹੈ।

**ਸੁਪਰ ਐਸ. ਐਮ. ਐਸ ਨੂੰ ਕੰਬਾਈਨ ਤੇ ਫਿੱਟ ਕਰਨ ਸਮੇਂ ਧਿਆਨ ਰੱਖਣ ਯੋਗ ਨੁਕਤੇ :**

1. ਸੁਪਰ ਐਸ. ਐਮ. ਐਸ ਦਾ ਰੋਟਰ 1600 ਤੋਂ 1800 ਚੱਕਰ ਤੇ ਘੁੰਮਦਾ ਹੈ। ਇਸ ਲਈ ਐਸ. ਐਮ. ਐਸ ਯੂਨਿਟ ਦੀ ਕੰਬਣ ਘਟਾਉਣ ਲਈ ਰੋਟਰ ਨੂੰ ਡਾਇਨਿਮਕ ਬੈਲੈਂਸ/ਸੰਤੁਲਿਤ ਕਰਨਾ ਬਹੁਤ ਜ਼ਰੂਰੀ ਹੈ।

2. ਐਸ. ਐਮ. ਐਸ ਯੂਨਿਟ ਨੂੰ ਕੰਬਾਇਨ ਦੀ ਚੈਸੀ ਤੋਂ ਲਗਾਉਣਾ ਚਾਹੀਦਾ ਹੈ ਤਾਂ ਜੋ ਕੰਬਣ ਘੱਟ ਹੋਵੇ।

3. ਐਸ. ਐਮ. ਐਸ ਦੇ ਰੋਟਰ ਤੇ ਜੜੇ ਘੁੰਮਣ ਵਾਲੇ ਫਲੇਲ ਬਲੇਡ ਨੂੰ ਸੀਜ਼ਨ ਤੋਂ ਪਹਿਲਾਂ ਚੈੱਕ ਕਰੋ। ਅਗਰ ਬਲੇਡ ਘਸੇ ਹੋਣ ਤਾਂ ਬਦਲੋ।

4. ਰੋਟਰ ਦੇ ਫਲੇਲ ਬਲੇਡ ਅਤੇ ਐਸ. ਐਮ. ਐਸ ਦੀ ਬਾਡੀ ਤੇ ਜੜੇ ਫਿਕਸ ਬਲੇਡ ਦਾ ਚੜ੍ਹਾਅ ਫਿਕਸ ਬਲੇਡ ਦਾ ਕੋਣ ਬਦਲ ਕੇ ਸੈਟ ਕੀਤਾ ਜਾ ਸਕਦਾ ਹੈ। ਪਰਾਲੀ ਦਾ ਕੁਤਰਾ ਅਤੇ ਕੰਬਾਇਨ ਦਾ ਲੋਡ ਇਸ ਚੜ੍ਹਾਅ ਉੱਤੇ ਨਿਰਭਰ ਕਰਦਾ ਹੈ। ਫਿਕਸ ਬਲੇਡਾਂ ਦਾ ਜਿਨ੍ਹਾਂ ਚੜ੍ਹਾਅ ਘੱਟ ਹੋਵੇਗਾ ਉਨ੍ਹਾਂ ਹੀ ਕੰਬਾਈਨ ਸੌਖੀ ਚਲੇਗੀ ਭਾਵ ਲੋਡ ਘਟੇਗਾ।

5. ਵੀ-ਬੈਲਟ ਦੀ ਸਲਿੱਪ ਪ੍ਰਵਾਨਯੋਗ ਹੱਦ ਵਿਚ ਹੋਣੀ ਚਾਹੀਦੀ ਹੈ।

6. ਐਸ. ਐਮ. ਐਸ ਯੂਨਿਟ ਦੇ ਰੋਟਰ ਦੀ ਗਤੀ ਨੂੰ ਮਾਪਣ ਲਈ ਇੱਕ ਸੂਚਕ ਯੰਤਰ ਸੁਰੱਖਿਆ ਲਈ ਲਗਾਇਆ ਜਾ ਸਕਦਾ ਹੈ।


ਅਰਸ਼ਦੀਪ ਸਿੰਘ, ਮਨਪ੍ਰੀਤ ਸਿੰਘ ਅਤੇ ਰਾਜੇਸ਼ ਗੋਇਲ ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ
ਮੋਬਾਇਲ : 97799-41983

# ਫੈਸਟੀਵਲ ਆਫਰ

## ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

## ਚੰਦਿਆਂ 'ਤੇ ਵਿਸ਼ੇਸ਼ ਛੂਟ

ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।

ਇੱਕ ਸਾਲ ਲਈ **300/-** ਰੁਪਏ

ਦੋ ਸਾਲ ਲਈ **500/-** ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

### ਮੈਂਬਰਸ਼ਿਪ ਫਾਰਮ

ਨਾਮ....................................................

ਪਿਤਾ ਦਾ ਨਾਮ....................................................

ਪੁਰਾਣਾ ਗ੍ਰਾਹਕ ਨੰਬਰ (ਜੇਕਰ ਹੈ)....................................................

ਸਥਾਈ ਪਤਾ....................................................

....................................................

....................................................

ਪਿੰਡ.............................. ਡਾਕ:..............................

ਤਹਿਸੀਲ.............................. ਜ਼ਿਲ੍ਹਾ..............................

ਰਾਜ.............................. ਪਿੰਨ ਕੋਡ..............................

ਵਾਇਆ.............................. ਫੋਨ ਨੰ...............................

ਰੁਪਏ....................................................

Excellence in Agri Info
KHETI DUNIYAN
An Exclusive Agril. Weekly

## ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : kdpublications@yahoo.co.in

# ਗੁਣਾਂ ਦੀ ਖਾਣ ਹੈ ਸਹਿਜਨ

ਸਹਿਜਨ ਇਕ ਇਸ ਤਰ੍ਹਾਂ ਦੀ ਦਵਾਈ ਵਾਲਾ ਰੁੱਖ ਹੈ ਜਿਸ ਦੇ ਹਰੇਕ ਹਿੱਸੇ ਵਿਚ ਦਵਾਈ ਵਾਲੇ ਗੁਣ ਮੌਜੂਦ ਹਨ। ਦੇਖਣ 'ਤੇ ਮਨ ਨੂੰ ਮੋਹ ਲੈਣ ਵਾਲਾ ਇਹ ਰੁੱਖ ਮੌਸਮ ਆਉਣ 'ਤੇ ਖਿੜੇ ਫੁੱਲਾਂ ਨਾਲ ਭਰ ਜਾਂਦਾ ਹੈ। ਹੌਲੀ-ਹੌਲੀ ਇਹ ਫੁੱਲ ਲੰਮੀਆਂ-ਲੰਮੀਆਂ ਫਲੀਆਂ ਦਾ ਰੂਪ ਲੈ ਲੈਂਦੇ ਹਨ। ਢੋਲ ਦੀ ਸੋਟੀ ਦੀ ਤਰ੍ਹਾਂ ਦਿਸਣ ਕਾਰਨ ਇਨ੍ਹਾਂ ਨੂੰ 'ਡ੍ਰਮਸਟਿੱਕ' ਵੀ ਕਿਹਾ ਜਾਂਦਾ ਹੈ। ਸਹਿਜਨ ਦੀਆਂ ਫਲੀਆਂ ਜਦੋਂ ਪੱਕ ਜਾਂਦੀਆਂ ਹਨ ਤਾਂ ਉਨ੍ਹਾਂ ਦੇ ਬੀਜ ਵੀ ਸੁੱਕ ਜਾਂਦੇ ਹਨ। ਇਨ੍ਹਾਂ ਬੀਜਾਂ ਨੂੰ ਪਾਣੀ ਵਿਚ ਰੱਖ ਦੇਣ ਨਾਲ ਪਾਣੀ ਇਕਦਮ ਸ਼ੁੱਧ ਹੋ ਜਾਂਦਾ ਹੈ। ਬੀਜਾਂ ਦੇ ਚੂਰਨ ਨੂੰ ਚਮੜੀ ਰੋਗਾਂ ਦੇ ਇਲਾਜ



ਲਈ ਵਰਤਿਆ ਜਾਂਦਾ ਹੈ। ਇਸ ਚੂਰਨ ਵਿਚ ਨਾਰੀਅਲ ਤੇਲ ਮਿਲਾ ਕੇ ਇਹ ਮਲ੍ਹਮ ਦੇ ਰੂਪ ਵਿਚ ਵਰਤੋਂ ਮਲ੍ਹਮ ਦੇ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਬੀਜਾਂ ਵਿਚੋਂ ਤੇਲ ਵੀ ਕੱਢਿਆ ਜਾਂਦਾ ਹੈ ਜਿਸ ਨੂੰ 'ਬੇਨਆਇਲ' ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਇਤਰ ਬਣਾਉਣ ਅਤੇ ਘੜੀਆਂ ਦੇ ਪੁਰਜਿਆਂ ਦੀ ਸਫਾਈ ਲਈ ਕੀਤੀ ਜਾਂਦੀ ਹੈ। ਸੁੰਦਰਤਾ ਵਾਲੀਆਂ ਚੀਜ਼ਾਂ ਲਈ ਵੀ ਇਹ ਤੇਲ ਵੱਡੇ ਪੱਧਰ 'ਤੇ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਇਹ ਗਠੀਏ ਦੇ ਰੋਗ ਵਿਚ ਵੀ ਲਾਭਦਾਇਕ ਹੁੰਦਾ ਹੈ। ਸਹਿਜਨ ਦੀਆਂ ਪੱਤੀਆਂ ਵਿਚ 27 ਫੀਸਦੀ ਪ੍ਰੋਟੀਨ ਅਤੇ ਕਾਫੀ ਮਾਤਰਾ ਵਿਚ ਵਿਟਾਮਿਨ ਹੁੰਦੇ ਹਨ। ਕੈਲਸ਼ੀਅਮ, ਲੋਹਾ, ਕਲੋਰੀਨ, ਰੇਸ਼ਾ, ਮੈਗਨੀਸ਼ੀਅਮ ਵੀ ਪੱਤੀਆਂ ਵਿਚ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ। ਪੱਤੀਆਂ ਦੀ ਵਰਤੋਂ ਸਕਰਵੀ, ਚਮੜੀ ਰੋਗ ਅਤੇ ਜੋੜਾਂ ਦੀ ਤਕਲੀਫ ਵਿਚ ਕਾਫੀ ਲਾਭਕਾਰੀ ਹੁੰਦੀ ਹੈ। ਇਸ ਦਰੱਖਤ ਦੇ ਫੁੱਲ ਗੁਰਦਿਆਂ ਲਈ ਲਾਭਕਾਰੀ ਹੁੰਦੇ ਹਨ। ਇਸ ਦੀਆਂ ਜੜ੍ਹਾਂ ਦਾ ਅਰਕ (ਰਸ) ਮੂੰਹ ਦੀ ਸੋਜ਼ ਅਤੇ ਹਿਸਟੀਰੀਆ ਵਿਚ ਵਰਤਿਆ ਜਾਂਦਾ ਹੈ।

**ਆਨੰਦ ਕੁਮਾਰ ਅਨੰਤ**

# ਬਾਪ ਦੇ ਸੁਹਾਗੇ ਦੇ ਝੂਟਿਆਂ ਦਾ ਨਜ਼ਾਰਾ

ਬਾਬੇ ਸੱਭਿਆਚਾਰ ਅਤੇ ਪੁਰਾਤਨ ਵਿਰਸੇ ਦੇ ਗਿਆਨ ਦਾ ਭੰਡਾਰ ਹੁੰਦੇ ਸਨ। ਜੋ ਵੀ ਉਹ ਕਰਦੇ ਸਨ ਲੱਖਾਂ ਰੁਪਿਆਂ ਤੋਂ ਘੱਟ ਨਹੀਂ ਸੀ ਹੁੰਦੀ। ਉਹਨਾਂ ਦੀਆਂ ਗੱਲਾਂ ਸੁਣਕੇ ਜਨੂੰਨ ਤੇ ਊਰਜਾ ਮਿਲਦੀ ਸੀ। ਕੁਦਰਤ ਦੀ ਪੂਜਾ ਕਰਨ ਵਾਲੇ ਸੱਚਾਈ ਨੂੰ ਅੱਗੇ ਰੱਖਦੇ ਸਨ। ਬਚਪਨ ਵਿਚ ਉਹਨਾਂ ਦੀ ਸੰਗਤ ਕੀਤੀ ਤੇ ਜੋ ਅੱਜ ਕੰਮ ਆ ਰਹੀ ਹੈ। ਜੇ ਮੈਂ ਪਹਿਲਾਂ ਦੀ ਉਹਨਾਂ ਦੀਆਂ ਗੱਲਾਂ ਦਾ ਵਿਸ਼ਲੇਸ਼ਣ ਕਰਾਂ ਤਾਂ ਇਲਮ ਹੁੰਦਾ ਹੈ ਕਿ ਬਿਨਾਂ ਲਾਗਤ ਹੀ ਤਿਆਰ ਚੀਜ਼ਾਂ ਕਰਨ ਦੇ ਤਿਆਗੀ ਸਨ।

ਸੁਹਾਗਿਆਂ ਬਾਰੇ ਗੱਲ ਕਰਾਂ, ਇਹ ਦੋ ਕਿਸਮ ਦੇ ਹੁੰਦੇ ਹਨ। ਇਕ ਸੁਹਾਗੀ ਤੇ ਇਕ ਸੁਹਾਗਾ। ਸੁਹਾਗਾ ਜਰਾ ਵੱਡਾ ਹੁੰਦਾ ਹੈ, ਲਗਭੱਗ 10 ਫੁੱਟ ਲੰਬਾ ਹੁੰਦਾ ਹੈ। ਸੁਹਾਗੇ ਨੂੰ ਬਣਾਉਣ ਲਈ ਬੇਰੀ, ਕਿਕਰ, ਜੰਡ ਅਤੇ ਟਾਹਲੀ ਦੀ ਲੱਕੜ ਕੰਮ ਆਉਂਦੀ ਹੈ। ਜੰਡ ਦੀ ਲੱਕੜ ਬਹੁਤ ਸਖਤ ਹੁੰਦੀ ਹੈ। ਇਹ ਘਸਦੀ ਘੱਟ ਹੀ ਹੈ। ਜੰਡ ਦਾ ਤਣਾ ਜ਼ਿਆਦਾ ਨਹੀਂ ਹੁੰਦਾ ਹੈ। ਇਕ ਮੁੱਢ ਦਾ ਤਕਰੀਬਨ ਇਕ ਹੀ ਸੁਹਾਗਾ ਬਣਦਾ ਹੈ। ਵੱਡੇ ਸੁਹਾਗੇ ਅੱਗੇ ਦੋ ਊਠ ਜਾਂ ਬਲਦਾਂ ਦੀਆਂ ਜੋੜੀਆਂ ਜੁੜਦੀਆਂ ਹਨ, ਮੈਨੂੰ ਬਚਪਨ ਵਿਚ ਹੀ ਬਾਪ ਦੀ ਸੰਗਤ ਮਿਲੀ ਅਤੇ ਮੈਨੂੰ ਉਹਨਾਂ ਦੀ ਸੰਗਤ ਨੇ ਪ੍ਰਭਾਵਿਤ ਵੀ ਕੀਤਾ। ਉਹਨਾਂ ਦਿਨਾਂ ਵਿਚ ਬਾਪ ਦੀ ਉਂਗਲ ਫੜਕੇ ਖੇਤਾਂ 'ਚ ਜਾਣਾ ਚੰਗਾ ਲੱਗਦਾ ਸੀ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਸੁਹਾਗੇ ਤੇ ਬੈਠ ਕੇ ਹੂਟੇ ਲੈਣੇ ਮੇਰਾ ਕੰਮ ਸੀ ਇਉਂ ਲੱਗਦਾ ਸੀ ਜਿਵੇਂ ਮੈਂ ਗੱਡੀ ਰੇਲ ਦੀ ਸਵਾਰੀ ਕਰਦਾ ਹੋਵਾਂ। ਜਦੋਂ ਕਮਾਦ ਬੀਜਣ ਖੇਤ ਤਿਆਰ ਕਰਨੇ ਹੁੰਦੇ ਸਨ ਤਾਂ ਸੁਹਾਗਾ ਖੇਤਾਂ ਨੂੰ ਕਈ ਵਾਰ ਦੇਣਾ ਪੈਂਦਾ। ਮੈਂ ਸੁਹਾਗੇ ਤੇ ਰੱਜ ਕੇ ਬਾਪ ਦੇ ਲੱਤਾਂ ਵਿਚਾਲੇ ਬੈਠ ਹੂਟੇ ਲੈਣੇ। ਘਰ ਦਾ ਖਾਣਾ ਪੀਣਾ ਸਭ ਭੁੱਲ ਜਾਣਾ ਬਾਪੂ ਨੇ ਕਾਮਿਆਂ ਨੂੰ ਕਹਿਣਾ ਕਿ ਚਲੋ ਖੇਤ ਹੁਣ ਰਲਿ ਛਿੱਲਦੇ ਆ। ਸਭ ਖੇਤਾਂ ਨੂੰ ਚੱਲੋ। ਫੇਰ ਆਪਾਂ ਕਮਾਦ ਬੀਜਣੇਂ।

ਸੁਹਾਗਾ ਫੇਰਨ ਵੇਲੇ ਪਹੀਏ ਉੱਪਰ ਚੁੱਕ ਲਏ ਜਾਂਦੇ ਸਨ। ਜ਼ਮੀਨ ਨੂੰ ਸੁਹਾਗਾ ਦੇਣ ਦੇ ਸਮੇਂ ਮੈਂ ਬਾਪੂ ਦੀਆਂ ਲੱਤਾਂ ਘੁੱਟ ਕੇ ਫੜ੍ਹ ਲਿਆ ਕਰਦਾ ਸੀ, ਮੈਨੂੰ ਮੇਰੇ ਬਾਪੂ ਚਾਚੇ ਤਾਇਆ ਕਦੇ ਝਿੜਕਿਆ ਨਹੀਂ ਸੀ। ਜੇ ਕਿਤੇ ਮੇਰੇ ਚਾਚੇ ਤਾਏ ਦੇ ਲੜਕੇ ਖੇਤ ਪਸ਼ੂ ਚਾਰਦੇ ਹੁੰਦੇ ਤਾਂ ਪਸ਼ੂਆਂ ਦਾ ਕੰਮ ਦੂਜੇ ਨੂੰ ਸੰਭਾਲ ਕੇ ਆ ਬਾਪੂ ਦੀਆਂ ਲੱਤਾਂ ਵਿਚ ਆ ਬੈਠਦੇ ਸਨ। ਸਾਡੇ ਵਿਚ ਦੂਜ ਤੀਜ ਨਹੀਂ ਸੀ। ਸਾਡੀਆਂ ਸਾਰਿਆਂ ਦੀ ਵਰਾਛਾਂ ਖਿੜ ਜਾਂਦੀਆਂ ਸਨ। ਬਾਪੂ ਹੋਰੀ ਆਖਦੇ ਓਏ ਜਵਾਕੋ ਤਾਂ ਅੱਗੇ ਹੀ ਭਾਰਾ ਹੈ। ਤੁਸੀ ਆ ਕੇ ਜਵਾਕੇ ਹੋਰ ਭਾਰਾ ਕਰ ਦਿੱਤਾ ਹੈ। ਅਸੀਂ ਉਹਨਾਂ ਦੀਆਂ ਕਹੀਆਂ ਗੱਲਾਂ ਅਣਸੁਣਿਆ ਕਰ ਦਿੰਦੇ ਉਹਨਾਂ ਨੇ ਬਲਦਾਂ ਦੀ ਪਾਈਆਂ ਰਸਾਂ ਹੱਥਾਂ ਵਿਚ ਫੜੀਆਂ ਹੁੰਦੀਆਂ ਸਨ ਤਾਂ ਜੋ ਬਲਦ ਤੇਜ਼ ਨਾ ਚੱਲਣ ਜਦ ਬਾਪੂ ਹੋਰੀ ਬਲਦਾਂ ਨੂੰ ਛੇੜਦੇ ਤਾਂ ਹੀ ਬਲਦ ਤੇਜ਼ ਹੁੰਦੇ ਸਨ।

ਜਦੋਂ ਮੈਂ ਪਿੰਡ ਵਾਲੇ ਸਕੂਲ ਵਿਚ ਪੜ੍ਹਦਾ ਰਿਹਾ ਸੀ, ਮੈਂ ਕਦੇ ਵੀ ਛੁੱਟੀ ਤੋਂ ਮਗਰੋਂ ਖੇਤ ਜਾਣਾ ਭੁੱਲਿਆ ਨਹੀਂ ਸੀ। ਹਰ ਰੋਜ਼ ਖੇਤ ਜਾਇਆ ਕਰਦਾ ਸੀ। ਜਦ ਮੇਰੇ ਬਾਪ ਹੋਰੀ ਸੁਹਾਗਾ ਜਾਂ ਸੁਹਾਗੀ ਫੇਰਨੀ ਹੁੰਦੀ ਤਾਂ ਮੈਂ ਲੱਤਾਂ ਵਿਚ ਬੈਠਣਾ ਕਦੇ ਖੁੰਝਾਇਆ ਨਹੀਂ ਸੀ। ਹਰ ਰੋਜ਼ ਖੇਤੀ ਹਾਜ਼ਰੀ ਲਾਉਣੀ ਮੇਰਾ ਨਿਯਮ ਸੀ। ਮੈਂ ਸੁਹਾਗਾ ਫੇਰਨ ਸਮੇਂ ਬਾਪੂ ਦੀਆਂ ਲੱਤਾਂ ਵਿਚਕਾਰ ਬੈਠ ਕੇ ਸੁਹਾਗੀ ਦੇ ਝੂਟਿਆਂ ਦਾ ਆਨੰਦ ਮਾਣਦਾ ਸੀ ਤਾਂ ਸੁਹਾਗਾ ਉੱਚੀਆਂ ਨੀਵੀਆਂ ਥਾਵਾਂ ਤੇ ਗੁਜ਼ਰਦਾ ਤਾਂ ਇਉਂ ਲਗਦਾ ਜਿਵੇਂ ਪਹਾੜੀਆਂ ਦੀ ਉੱਚਾਈ ਵੱਲ ਵੱਧਦੇ ਹੋਈਏ। ਜਦ ਸੁਹਾਗਾ ਨਿਵਾਣ ਵੱਲ ਜਾਂਦਾ ਤਾਂ ਬਲਦ ਹੋਰ ਤੇਜ਼ ਹੋ ਜਾਂਦੇ ਸਨ। ਇਸ ਯਾਦ ਨੂੰ ਜੋ ਸੁਹਾਗੇ ਤੇ ਝੂਟੇ ਲਏ ਅੱਜ ਬਿਆਨ ਕਰਨਾ ਔਖਾ ਹੈ ਅਤੇ ਸ਼ਬਦਾਂ ਵਿਚ ਲਿਖਣਾ ਬਹੁਤ ਮੁਸ਼ਕਲ ਹੈ ਉਸ ਸਮੇਂ ਬਾਪੂ ਸੁਹਾਗੀ ਫੇਰਨ ਦੇ ਫਾਇਦੇ ਦੱਸਦਾ ਸੀ ਕਿਵੇਂ ਜ਼ਮੀਨ ਸੰਵਾਰਿਆ ਕੰਮ ਆਉਂਦੀ ਹੈ ਕਿਉਂਕਿ ਅੱਜ ਯੁੱਗ ਬਦਲ ਚੁੱਕਾ ਹੈ। ਸੁਹਾਗਾ ਅੱਜ ਵੀ ਦਿੱਤਾ ਜਾਂਦਾ ਹੈ।

# ਕੁਦਰਤਿ ਹੈ ਕੀਮਤਿ ਨਹੀ ਪਾਇ ॥

ਪੁਰਾਣੀ ਕਹਾਵਤ ਹੈ ਕਿ 'ਔਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਬਾਅਦ 'ਚ ਪਤਾ ਲੱਗਦਾ।' ਪਰ ਅਫਸੋਸ ! ਅੱਜ ਅਸੀਂ ਔਲੇ ਵਰਗੀਆਂ ਕੁਦਰਤੀ ਨਿਆਮਤਾਂ ਤੇ ਸਿਆਣਿਆਂ ਦੀਆਂ ਸਲਾਹਾਂ ਤੋਂ ਦੂਰ ਹੀ ਰਹਿੰਦੇ ਹਾਂ। ਸਿਆਣੇ ਔਲੇ ਨੂੰ ਦੇਵਤਿਆਂ ਦੇ ਫਲ ਜਾਂ ਅੰਮ੍ਰਿਤ ਫਲ ਵਜੋਂ ਸੱਦਦੇ ਹਨ। ਆਯੁਰਵੈਦ ਪ੍ਰਣਾਲੀ ਵਿਚ ਔਲੇ ਨੂੰ ਅਹਿਮ ਸਥਾਨ ਮਿਲਿਆ ਹੈ। ਇਕ ਪੁਰਾਤਨ ਕਹਾਵਤ ਇਹ ਵੀ ਹੈ 'ਹਰੜ ਬਹੇੜਾ ਆਂਵਲਾ ਤਿੰਨੇ ਘਰ ਦੇ ਵੈਦ।' ਇਨ੍ਹਾਂ ਤਿੰਨਾਂ ਦੇ ਮਿਸ਼ਰਣ ਤੋਂ ਬਣਿਆ ਤ੍ਰਿਫਲਾ ਵਿਸ਼ਵ ਦੇ ਹਰ ਕੋਨੇ ਵਿਚ ਪ੍ਰਸਿੱਧ ਹੈ।

ਪਹਿਲਾਂ ਪਹਿਲ ਔਲੇ ਦੇ ਰੁੱਖ ਜੰਗਲੀ ਰੂਪ ਵਿਚ ਉੱਗੇ ਮਿਲਦੇ ਸਨ ਜਿਸ ਦਾ ਫਲ ਛੋਟਾ ਹੁੰਦਾ ਸੀ। ਸਮੇਂ ਦੇ ਚੱਲਦਿਆਂ ਤੇ ਸਾਇੰਸ ਦੀ ਤਰੱਕੀ ਨਾਲ ਹੁਣ ਔਲਾ ਵੱਡੇ ਆਕਾਰ ਦਾ ਕਈ ਵਿਧੀਆਂ ਨਾਲ ਤਿਆਰ ਪੌਦਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਔਲਾ ਜਿਸ ਨੂੰ ਕੁਝ ਲੋਕ ਆਂਵਲੇ ਦੇ ਨਾਂ ਨਾਲ ਵੀ ਸੱਦਦੇ ਹਨ, ਦਾ ਲਗਭਗ ਹਰ ਹਿੱਸਾ, ਭਾਵ ਸੱਕ, ਪੱਤੇ ਫੁੱਲ, ਫਲ, ਬੀਜ ਮਨੁੱਖ ਲਈ ਗੁਣਕਾਰੀ ਹੁੰਦੇ ਹਨ। ਇਸ ਦਾ ਤਣਾਂ ਅਨੇਕਾਂ ਰੁੱਖਾਂ ਤੋਂ ਦਿੱਖ ਵਿਚ ਵੱਖਰਾ ਚਿਤਰ ਮਿੱਤਰ ਜਿਹਾ ਹੁੰਦਾ ਹੈ। ਇਸ ਰੁੱਖ ਦੇ ਪੱਤੇ ਇਮਲੀ ਵਾਂਗ ਖੰਭ ਨੁਮਾ, ਫਰਨ ਜਿਹੇ ਹੁੰਦੇ ਹਨ ਅਤੇ ਇਸ ਨੂੰ ਪੱਤਝੜੀ ਰੁੱਖ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਸ ਦੇ ਫੁੱਲ ਹਮੇਸ਼ਾਂ ਟਾਹਣੀ ਦੇ ਹੇਠਲੇ ਪਾਸੇ ਲੱਗਦੇ ਹਨ ਜੋ ਆਮ ਤੌਰ 'ਤੇ ਮਾਰਚ-ਅਪਰੈਲ ਮਹੀਨੇ ਵਿਖਾਈ ਦਿੰਦੇ ਹਨ। ਇਹੀ ਫੁੱਲ ਸਮਾਂ ਪਾ ਕੇ ਤਕਰੀਬਨ ਅਕਤੂਬਰ-ਨਵੰਬਰ ਮਹੀਨੇ ਤੋਂ ਰੁੱਖ ਉੱਪਰ ਵਿਖਾਈ ਦੇਣ ਲੱਗਦੇ ਹਨ ਅਤੇ ਢੁੱਕਵਾਂ ਸਮਾਂ ਆਉਣ 'ਤੇ ਤੋੜ ਲਏ ਜਾਂਦੇ ਹਨ। ਫਲ ਨੂੰ ਜੇਕਰ ਧਿਆਨ



ਨਹੀਂ ਹੁੰਦੀ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੁਝ ਤੱਤ ਜਿਵੇਂ ਕਿ ਲੈੱਡ, ਨਿੱਕਲ, ਐਲੂਮੀਨੀਅਮ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਘੱਟ ਕਰਨ ਵਿੱਚ ਵੀ ਔਲਾ ਸਹਾਈ ਹੁੰਦਾ ਹੈ।

ਔਲੇ ਤੋਂ ਪ੍ਰਾਪਤ ਹੋਣ ਵਾਲੇ ਅਨੇਕਾਂ ਉਤਪਾਦਾਂ ਜਿਵੇਂ ਕਿ ਮੁਰੱਬਾ, ਆਚਾਰ, ਤੇਲ, ਚਟਣੀ, ਕੈਂਡੀ, ਤਾਜ਼ੇ ਫਲਾਂ ਦਾ ਜੂਸ, ਸ਼ਰਬਤ, ਪਾਊਡਰ ਆਦਿ ਅਨੇਕਾਂ ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਵਰਤੇ ਜਾਂਦੇ ਹਨ। ਵਿਟਾਮਿਨ 'ਸੀ' ਇਸ ਫਲ ਵਿਚ ਭਰਪੂਰ ਪਾਇਆ ਜਾਂਦਾ ਹੈ ਅਤੇ ਐਂਟੀਆਕਸੀਡੈਂਟ ਹੋਣ ਸਦਕਾ ਮਨੁੱਖ ਨੂੰ ਨਿਰੋਗ ਅਤੇ ਜਵਾਨ ਰੱਖਣ ਵਿਚ ਸਹਾਈ ਹੁੰਦਾ ਹੈ। ਇਸ ਮਨੁੱਖ ਦੇ ਦੋ ਅਹਿਮ ਅੰਗਾਂ ਦਿਮਾਗ ਅਤੇ ਦਿਲ ਨੂੰ ਮਜ਼ਬੂਤ ਅਤੇ



ਨਾਲ ਵੇਖਿਆ ਜਾਵੇ ਤਾਂ ਉਸ ਉੱਪਰ ਸਾਨੂੰ ਛੇ ਧਾਰੀਆਂ ਵਿਖਾਈ ਦਿੰਦੀਆਂ ਹਨ ਜੋ ਫਾੜੀਆਂ ਬਣ ਅਲੱਗ ਅਲੱਗ ਹੋ ਜਾਂਦੀਆਂ ਹਨ। ਛੇ ਦਾ ਅੰਕੜਾ ਇਸ ਫਲ ਲਈ ਬਹੁਤ ਵਿਸ਼ੇਸ਼ ਹੁੰਦਾ ਹੈ ਕਿਉਂਕਿ ਫਲ ਅੰਦਰਲੀ ਗਿਟਕ ਵੀ ਛੇ ਕੋਨੀ ਹੁੰਦੀ ਹੈ ਅਤੇ ਜੇਕਰ ਉਸ ਨੂੰ ਤੋੜ ਕੇ ਬੀਜ ਕੱਢਦੇ ਹਾਂ ਤਾਂ ਬੀਜਾਂ ਦੀ ਗਿਣਤੀ ਵੀ ਛੇ ਹੀ ਹੁੰਦੀ ਹੈ।

ਔਲੇ ਦੇ ਫਲ ਅਤੇ ਸੱਕ ਵਿੱਚੋਂ ਰੰਗ ਪ੍ਰਾਪਤੀ ਵੀ ਹੁੰਦੀ ਹੈ ਜਿਸ ਨੂੰ ਪੁਰਾਣੇ ਵੇਲਿਆਂਵਿਚ ਸਿਆਹੀ ਅਤੇ ਚਮੜੇ ਦੀ ਰੰਗਾਈ ਲਈ ਵਰਤਿਆ ਜਾਂਦਾ ਰਿਹਾ ਹੈ। ਪੰਜਾਬ ਵਿਚਲੀਆਂ ਸ਼ਿਵਾਲਿਕ ਦੀਆਂ ਪਹਾੜੀਆਂ/ਕੰਢੀ ਦੇ ਇਲਾਕੇ ਵਿਚ ਔਲੇ ਦੇ ਰੁੱਖ ਖੂਬ ਵੇਖਣ ਨੂੰ ਮਿਲਦੇ ਹਨ। ਇਹ ਰੁੱਖ ਘੱਟ ਉਪਜਾਊ ਅਤੇ ਖਾਰੀਆਂ ਜ਼ਮੀਨਾਂ ਵਿਚ ਵੀ ਬਾਖੂਬੀ ਉਗਾਇਆ ਜਾ ਸਕਦਾ ਹੈ। ਔਲੇ ਦੀ ਲੱਕੜ ਪਾਣੀ ਵਿੱਚ ਛੇਤੀ ਖਰਾਬ

ਸ਼ਕਤੀ ਪ੍ਰਦਾਨ ਕਰਦਾ ਹੈ। ਔਲਾ ਮਨੁੱਖੀ ਸਰੀਰ ਵਿਚ ਲਾਲ ਰਕਤਾਣੂਆਂ ਦੀ ਗਿਣਤੀ ਵਧਾਉਣ ਅਤੇ ਕਲੈਸਟਰੋਲ ਘਟਾਉਣ ਵਿਚ ਮਦਦਗਾਰ ਸਾਬਤ ਹੁੰਦਾ ਹੈ। ਔਲੇ ਦੇ ਫਲ ਅਤੇ ਬਾਕੀ ਭਾਗ ਅਨੇਕਾਂ ਮਨੁੱਖੀ ਰੋਗ ਜਿਵੇਂ ਕਿ ਕੈਂਸਰ, ਜਿਗਰ ਦੇ ਰੋਗ, ਅੱਖਾਂ, ਪੀਲੀਆ, ਬਦਹਜ਼ਮੀ, ਸ਼ੂਗਰ, ਚਮੜੀ ਰੋਗ, ਫੇਫੜੇ, ਪਾਚਣ ਪ੍ਰਣਾਲੀ, ਮੂਤਰ ਰੋਗ, ਬਵਾਸੀਰ, ਖੁਰਕ, ਗਠੀਆ ਅਤੇ ਵਿਸ਼ੇਸ਼ ਕਰਕੇ ਵਾਲਾਂ ਦੇ ਝੜਨ ਜਾਂ ਸਫੈਦ ਹੋਣ ਆਦਿ ਦੇ ਇਲਾਜ ਲਈ ਵਰਤੇ ਜਾਂਦੇ ਹਨ। ਸਾਡੀ ਸਮੱਸਿਆ ਇਹ ਹੈ ਕਿ ਅਸੀਂ ਔਲੇ ਦੇ ਗੁਣਾਂ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਾਂ, ਪਰ ਆਪਣੀ ਖੁਰਾਕ ਦਾ ਹਿੱਸਾ ਨਹੀਂ ਬਣਾਉਂਦੇ।

**ਡਾ. ਬਲਵਿੰਦਰ ਸਿੰਘ ਲੱਖੇਵਾਲੀ**
**ਸੰਪਰਕ : 98142-39041**

**ਆਧੁਨਿਕ ਯੁੱਗ ਵਿਚ ਵੱਡੇ-ਵੱਡੇ ਕੰਮ ਵੀ ਮਸ਼ੀਨਾਂ ਰਾਹੀਂ ਸੁਖਾਲੇ ਅਤੇ ਘੱਟ ਸਮੇਂ ਵਿਚ ਕੀਤੇ ਜਾ ਸਕਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਗਈਆਂ ਮਸ਼ੀਨਾਂ ਰਾਹੀਂ ਪਰਾਲੀ ਨੂੰ ਖੇਤਾਂ ਦੇ ਵਿੱਚ ਹੀ ਸੰਭਾਲਣ ਵਿਚ ਮੱਦਦ ਮਿਲਦੀ ਹੈ । ਲਗਾਤਾਰ ਚਾਰ-ਪੰਜ ਸਾਲਾਂ ਤੱਕ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਦੇ ਅੰਦਰ ਹੀ ਖਪਤ ਕਰਨ ਨਾਲ ਮਿੱਟੀ ਦੀ ਭੌਤਿਕ, ਰਸਾਇਣਿਕ ਅਤੇ ਜੈਵਿਕ ਸਿਹਤ ਵਿਚ ਚੋਖਾ ਸੁਧਾਰ ਵੇਖਿਆ ਗਿਆ ਹੈ ।**



# ਕਣਕ ਦੀ ਬਿਜਾਈ ਤੋਂ ਪਹਿਲਾਂ ਪਰਾਲੀ ਨੂੰ ਕਿਵੇਂ ਸਾਂਭੀਏ

ਜਯੇਸ਼ ਸਿੰਘ, ਅਮਨਪ੍ਰੀਤ ਕੌਰ ਅਤੇ ਵਰਿੰਦਰਪਾਲ ਸਿੰਘ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 98767-37802

ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਜਦੋਂ ਵੀ ਦੇਸ਼ ਤੇ ਭੀੜ ਪਈ ਹੈ ਤਾਂ ਪੰਜਾਬ ਦੇ ਕਿਰਤੀ ਅਤੇ ਮਿਹਨਤੀ ਯੋਧਿਆਂ ਨੇ ਮੋਢੇ ਨਾਲ ਮੋਢਾ ਲਾ ਕੇ ਹਰ ਮੁਸੀਬਤ ਨੂੰ ਬਹਾਦਰੀ ਨਾਲ ਨਜਿਠਿਆ ਹੈ। ਦੇਸ਼ ਵਿਚ ਆਏ ਭਿਅੰਕਰ ਖੁਰਾਕੀ ਕਾਲ ਦੀ ਪੂਰਤੀ ਦਾ ਸਿਹਰਾ ਵੀ ਪੰਜਾਬ ਦੇ ਮਿਹਨਤੀ ਕਿਸਾਨਾਂ ਦੇ ਮੱਥੇ ਸੱਜਿਆ ਹੈ। ਕਿਸਾਨ ਵੀਰੋ ਹੁਣ ਸਮਾਂ ਆ ਗਿਆ ਹੈ ਕਿ ਆਪਾਂ ਸਾਰੇ ਰਲ ਮਿਲ ਕੇ ਹੰਭਲਾ ਮਾਰੀਏ ਤੇ ਵੱਧ ਝਾੜ ਲੈਣ ਦੇ ਨਾਲ-ਨਾਲ ਫਸਲਾਂ ਦੀ ਰਹਿੰਦ-ਖੂੰਹਦ ਦਾ ਵੀ ਕੋਈ ਢੁੱਕਵਾਂ ਹੱਲ ਲੱਭੀਏ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਖੇਤੀ ਨੂੰ ਇਕ ਲਾਹੇਵੰਦ ਧੰਦਾ ਬਣਾਉਣ ਲਈ ਸਾਨੂੰ ਵੱਧ ਝਾੜ ਦੇਣ ਵਾਲੀਆਂ ਤੇ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦੀ ਲੋੜ ਹੈ। ਕਣਕ ਅਤੇ ਝੋਨਾ ਪੰਜਾਬ ਦੀਆਂ ਦੋ ਪ੍ਰਮੁੱਖ ਫਸਲਾਂ ਹਨ ਅਤੇ ਇਹਨਾਂ ਦੋਹਾਂ ਫਸਲਾਂ ਦੀ ਕਟਾਈ ਕੰਬਾਈਨਾਂ ਰਾਹੀਂ ਕੀਤੀ ਜਾਂਦੀ ਹੈ, ਜਿਸ ਨਾਲ ਹਰ ਸਾਲ ਕ੍ਰਮਵਾਰ ਤਕਰੀਬਨ 14 ਅਤੇ 20 ਮਿਲੀਅਨ ਟਨ ਫਸਲੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ। ਕਣਕ ਦੇ ਨਾੜ ਦੀ (80-90 ਫੀਸਦੀ) ਸੰਭਾਲ ਥਰੈਸ਼ਰਾਂ ਅਤੇ ਸਟਰਾਅ ਰੀਪਰਾਂ ਦੀ ਮੱਦਦ




ਨਾਲ ਤੂੜੀ ਬਣਾ ਕੇ ਕਰ ਲਈ ਜਾਂਦੀ ਹੈ ਪਰ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਅਜੇ ਵੀ ਸਾਡੇ ਲਈ ਇੱਕ ਵੱਡੀ ਚੁਨੌਤੀ ਬਣੀ ਹੋਈ ਹੈ।

**ਪਰਾਲੀ ਨੂੰ ਸਾੜਨ ਦੇ ਨੁਕਸਾਨ** : ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿਚ ਘੱਟ ਸਮਾਂ ਹੋਣ ਕਾਰਨ ਬਹੁਤ ਸਾਰੇ ਕਿਸਾਨ ਇਸ ਨੂੰ ਅੱਗ ਲਾ ਦਿੰਦੇ ਹਨ। ਜਿਸ ਕਾਰਨ ਅਸੀਂ ਜਾਣੇ-ਅਣਜਾਣੇ ਵਿਚ ਬਹੁਤ ਸਾਰੀਆਂ ਗੈਰ-ਮਨੁੱਖੀ ਅਤੇ ਵਾਤਾਵਰਣ ਵਿਰੋਧੀ ਤਬਦੀਲੀਆਂ ਨੂੰ ਸੱਦਾ ਦੇ ਦਿੰਦੇ ਹਾਂ। ਪਰਾਲੀ ਨੂੰ ਸਾੜਨ ਕਰਕੇ ਕਈ ਬਹੁਮੁੱਲੇ ਖੁਰਾਕੀ ਤੱਤਾਂ ਦਾ ਨੁਕਸਾਨ ਹੁੰਦਾ ਹੈ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

**10 ਕੁਇੰਟਲ ਪਰਾਲੀ ਸਾੜਨ ਨਾਲ ਨੁਕਸਾਨੇ ਤੱਤ :**

1. 400 ਕਿਲੋ ਜੈਵਿਕ ਕਾਰਬਨ
2. 5.5 ਕਿਲੋ ਨਾਈਟ੍ਰੋਜਨ ਯੂਰੀਆ
3. 2.3 ਕਿਲੋ ਫਾਸਫੋਰਸ ਡੀ.ਏ.ਪੀ.
4. 25 ਕਿਲੋ ਪੋਟਾਸ਼ੀਅਮ ਐੱਮ ਓ ਪੀ
5. 1.2 ਕਿਲੋ ਗੰਧਕ ਸਲਫਰ

ਕਿਸਾਨ ਵੀਰੋ ਇਹਨਾਂ ਖੁਰਾਕੀ ਤੱਤਾਂ ਦੇ ਨੁਕਸਾਨ ਕਾਰਣ ਖੇਤਾਂ ਦੀ ਉਪਜਾਊ ਸ਼ਕਤੀ ਨੂੰ ਬਹੁਤ ਧੱਕਾ ਲਗਦਾ ਹੈ। ਖਾਸ ਕਰਕੇ ਜੈਵਿਕ ਕਾਰਬਨ (ਜਿਸ ਦਾ ਧਰਤੀ ਦੀ ਸਿਹਤ ਨਾਲ ਸਿੱਧਾ-ਸਿੱਧਾ ਸੰਬੰਧ ਹੈ) ਦਾ ਖਤਮ ਹੋਣਾ ਧਰਤੀ ਨੂੰ ਬੰਜਰ ਬਣਾ ਸਕਦਾ ਹੈ। ਜੈਵਿਕ ਮਾਦੇ ਦੇ ਸੜਨ ਨਾਲ ਬਹੁਤ ਸਾਰੇ ਸੂਖਮ ਜੀਵ, ਜਿਹਨਾਂ ਦੀ ਧਰਤੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਵਿਚ ਅਹਿਮ ਭੂਮਿਕਾ ਹੁੰਦੀ ਹੈ, ਉਹ ਵੀ ਸੜ ਕੇ ਸੁਆਹ ਹੋ ਜਾਂਦੇ ਹਨ।

**ਪਰਾਲੀ ਦੀ ਖੇਤ ਵਿਚ ਹੀ ਸੰਭਾਲ ਕਰਨਾ** : ਆਧੁਨਿਕ ਯੁੱਗ ਵਿਚ ਵੱਡੇ-ਵੱਡੇ ਕੰਮ ਵੀ ਮਸ਼ੀਨਾਂ ਰਾਹੀਂ ਸੁਖਾਲੇ ਅਤੇ ਘੱਟ ਸਮੇਂ ਵਿਚ ਕੀਤੇ ਜਾ ਸਕਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਗਈਆਂ ਮਸ਼ੀਨਾਂ ਰਾਹੀਂ ਪਰਾਲੀ ਨੂੰ ਖੇਤਾਂ ਦੇ ਵਿੱਚ ਹੀ ਸੰਭਾਲਣ ਵਿਚ ਮੱਦਦ ਮਿਲਦੀ ਹੈ। ਲਗਾਤਾਰ ਚਾਰ-ਪੰਜ ਸਾਲਾਂ ਤੱਕ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਦੇ ਅੰਦਰ ਹੀ ਖਪਤ ਕਰਨ ਨਾਲ ਮਿੱਟੀ ਦੀ ਭੌਤਿਕ, ਰਸਾਇਣਿਕ ਅਤੇ ਜੈਵਿਕ ਸਿਹਤ ਵਿਚ ਚੋਖਾ ਸੁਧਾਰ ਵੇਖਿਆ ਗਿਆ ਹੈ।

**ਹੈਪੀ ਸੀਡਰ ਜਾਂ ਸੁਪਰ ਸੀਡਰ ਜਾਂ ਪੀ. ਏ. ਯੂ. ਸਮਾਰਟ ਸੀਡਰ ਨਾਲ ਬਿਨਾਂ ਵਾਹੀ ਕਣਕ ਦੀ ਬਿਜਾਈ** : ਕਿਸਾਨ ਵੀਰੋ ਝੋਨੇ ਦੀ ਐੱਸ. ਐੱਮ ਐੱਸ ਵਾਲੀ ਕੰਬਾਈਨ ਨਾਲ ਕਟਾਈ ਕਰਨ ਉਪਰੰਤ ਸਮੇਂ ਦੀ ਬੱਚਤ ਕਰਦੇ ਹੋਏ ਤੁਸੀਂ ਉਸੇ ਸਮੇਂ ਕਣਕ ਦੀ ਬਿਜਾਈ, ਉਸੇ ਵੱਤਰ ਵਿਚ ਇਹਨਾਂ ਮਸ਼ੀਨਾਂ ਰਾਹੀਂ ਕਰ ਸਕਦੇ ਹੋ। ਇਸ ਤਰ੍ਹਾਂ ਬੀਜੀ ਕਣਕ ਵਿਚ ਨਦੀਨ ਵੀ ਘੱਟ ਉੱਗਦੇ ਹਨ ਅਤੇ ਰੌਣੀ ਲਈ ਵਰਤੇ ਜਾਣ ਵਾਲੇ ਪਾਣੀ ਦੀ ਵੀ ਬੱਚਤ ਹੁੰਦੀ ਹੈ। ਧਰਤੀ ਉੱਪਰ ਪਈ ਪਰਾਲੀ ਸਿੱਲ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਦੀ ਹੈ ਅਤੇ ਦਾਣੇ ਨੂੰ ਉੱਗਣ ਲਈ ਢੁੱਕਵਾਂ ਮਹੌਲ ਦਿੰਦੀ ਹੈ। ਹੈਪੀ ਸੀਡਰ ਨਾਲ ਬਿਜਾਈ ਕਰਨ ਲਈ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦਿਓ :

1. ਝੋਨੇ ਦੀ ਲੁਆਈ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਲੈਵਲ ਕਰਾ ਲਉ ਤਾਂ ਜੋ ਪੂਰੇ ਖੇਤ ਨੂੰ ਪਾਣੀ ਇਕ ਸਾਰ ਲੱਗ ਸਕੇ।
2. ਝੋਨੇ ਦੀਆਂ ਥੋੜੇ ਸਮੇਂ ਵਿਚ ਪੱਕਣ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਨੂੰ ਹੀ ਤਰਜ਼ੀਹ ਦਿਓ।
3. ਸਤੰਬਰ-ਅਕਤੂਬਰ ਮਹੀਨੇ ਵਿਚ ਝੋਨੇ ਦੇ ਖੇਤਾਂ ਦਾ ਨਿਰੀਖਣ ਕਰਦੇ ਰਹੋ ਤਾਂ ਝੋਨੇ ਵਿਚ ਮੁੰਜਰਾਂ ਕੱਟਣ ਵਾਲੀ ਸੁੰਡੀ (ਕਣਕ ਦੀ ਸੈਨਿਕ ਸੁੰਡੀ) ਜਾਂ ਤਣੇ ਦੀ ਗੁਲਾਬੀ ਸੁੰਡੀ ਦੇ ਹਮਲੇ ਦਾ ਵੇਲੇ ਸਿਰ ਰੋਕਥਾਮ ਕੀਤੀ ਜਾ ਸਕੇ ਤਾਂ ਜੋ ਇਹ ਕੀੜੇ ਪਰਾਲੀ ਰਾਹੀਂ ਕਣਕ ਦੀ ਫਸਲ ਤੇ ਹਮਲਾ ਨਾ ਕਰਨ।
4. ਖੇਤ ਵਿਚ ਸਿੱਲ (ਵੱਤਰ) ਆਮ ਤਰੀਕੇ ਨਾਲ ਬੀਜੀ ਜਾਣ ਵਾਲੀ ਕਣਕ ਦੇ ਮੁਕਾਬਲੇ ਵੱਧ ਹੋਣੀ ਚਾਹੀਦੀ ਹੈ।
5. ਪਰਾਲੀ ਨੂੰ ਸਾਂਭਣ ਵਾਲੀਆਂ ਮਸ਼ੀਨਾਂ (ਜਿਵੇਂ ਕਿ ਹੈਪੀ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਚੌਪਰ, ਮਲਚਰ, ਉਲਟਾਵਾਂ ਹਲ ਆਦਿ ਦਾ ਚਾਲਕ ਪੂਰੀ ਤਰ੍ਹਾਂ ਨਿਪੁੰਨ ਹੋਣਾ ਚਾਹੀਦਾ ਹੈ।
6. ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਕਣਕ ਦੀ ਬਿਜਾਈ ਲਈ ਪਰਾਲੀ ਸਾਂਭਣ ਵਾਲੀਆਂ ਸਾਰੀਆਂ ਤਕਨੀਕਾਂ ਵਰਤੀਆਂ ਜਾ ਸਕਦੀਆਂ ਹਨ, ਪਰ ਹਲਕੀਆਂ ਜ਼ਮੀਨਾਂ ਵਿਚ ਪਰਾਲੀ ਨੂੰ ਮਿੱਟੀ ਵਿਚ ਮਿਲਾਉਣ ਨੂੰ ਤਰਜ਼ੀਹ ਦਿਓ।
7. ਹੈਪੀ ਸੀਡਰ/ਸਮਾਰਟ ਸੀਡਰ ਨਾਲ ਕਣਕ ਦੀ ਬਿਜਾਈ ਦੀ ਡੂੰਘਾਈ 1.5 ਤੋਂ 2.0 ਇੰਚ ਰੱਖੋ।
8. ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਲਈ ਪੀ. ਬੀ. ਡਬਲਯੂ-869 ਤੋਂ ਇਲਾਵਾ ਬਾਕੀ ਕਿਸਮਾਂ ਲਈ ਬੀਜ ਦੀ ਮਾਤਰਾ ਆਮ ਵਾਹੀ ਲਈ ਸਿਫਾਰਸ਼ ਕੀਤੀ ਮਾਤਰਾ ਤੋਂ 5 ਕਿਲੋ ਪ੍ਰਤੀ ਏਕੜ ਵੱਧ ਰੱਖੋ।
9. ਸਿਉਂਕ ਦੇ ਹਮਲੇ ਨੂੰ ਰੋਕਣ ਲਈ ਬੀਜ ਸੋਧ ਜ਼ਰੂਰ ਕਰੋ।
10. ਨਵੰਬਰ ਅਤੇ ਦਸੰਬਰ ਦੇ ਮਹੀਨੇ ਪਰਾਲੀ ਵਾਲੇ ਕਣਕ ਦੇ ਖੇਤਾਂ ਵਿਚ ਕਿਸੇ ਤਰ੍ਹਾਂ ਦੇ ਕੀੜੇ-ਮਕੌੜੇ, ਬਿਮਾਰੀ ਅਤੇ ਚੂਹਿਆਂ ਦੇ ਹਮਲੇ ਨੂੰ ਰੋਕਣ ਲਈ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਰੋਕਥਾਮ ਦੇ ਢੁਕਵੇਂ ਪ੍ਰਬੰਧ ਰੱਖੋ।

**ਝੋਨੇ ਜਾਂ ਬਾਸਮਤੀ ਦੀ ਖੜ੍ਹੀ ਫਸਲ ਵਿਚ ਕਣਕ ਦੀ ਬਿਜਾਈ** : ਖਾਸ ਹਾਲਤਾਂ ਵਿਚ ਜਿਵੇਂ ਕਿ ਖਾਰੀਆਂ ਜ਼ਮੀਨਾਂ, ਘੱਟ ਪਾਣੀ ਜ਼ੀਰਣ ਦੀ ਸਮਰੱਥਾ ਕਰਕੇ ਝੋਨੇ/ਬਾਸਮਤੀ ਦੀ ਕਟਾਈ ਅਤੇ ਕਣਕ ਦੀ ਬਿਜਾਈ ਪਿਛੇਤੀ ਹੋ ਸਕਦੀ ਹੈ। ਸੋ ਅਜਿਹੇ ਹਾਲਾਤਾਂ ਵਿਚ ਝੋਨੇ/ਬਾਸਮਤੀ ਦੀ ਖੜ੍ਹੀ ਫਸਲ ਵਿਚ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਕਟਾਈ ਤੋਂ ਤਕਰੀਬਨ ਦੋ ਹਫਤੇ ਪਹਿਲਾਂ (10-25 ਅਕਤੂਬਰ ਦਰਮਿਆਨ) ਝੋਨੇ/ਬਾਸਮਤੀ ਦੀ ਖੜ੍ਹੀ ਫਸਲ ਵਿਚ ਅਖੀਰਲੇ ਪਾਣੀ ਤੋਂ ਬਾਅਦ ਕਣਕ ਦੇ 55-60 ਕਿਲੋ ਬੀਜ ਪ੍ਰਤੀ ਏਕੜ ਦਾ ਇਕਸਾਰ ਛਿੱਟਾ ਦੇ ਦਿਓ। ਉਪਰੰਤ ਝੋਨੇ/ਬਾਸਮਤੀ ਦੀ ਕਟਾਈ ਹੱਥੀਂ ਜਾਂ ਐੱਸ. ਐੱਮ ਐੱਸ ਵਾਲੀ ਕੰਬਾਈਨ ਨਾਲ ਕੀਤੀ ਜਾ ਸਕਦੀ ਹੈ।

**ਸਰਫੇਸ ਸੀਡਿੰਗ-ਕਮ-ਮਲੀਚਿੰਗ** : ਇਹ ਇਕ ਸੌਖੀ ਤੇ ਸਸਤੀ ਤਕਨੀਕ ਹੈ ਜਿਸ ਰਾਹੀਂ ਕਣਕ ਦੀ ਬਿਜਾਈ ਵੀ ਸਮੇਂ ਸਿਰ ਹੋ ਜਾਂਦੀ ਹੈ ਅਤੇ ਪਰਾਲੀ ਵੀ ਖੇਤ ਵਿਚ ਹੀ ਸਾਂਭੀ ਜਾਂਦੀ ਹੈ। ਇਸ ਤਕਨੀਕ ਵਿਚ ਝੋਨਾ ਵੱਢਣ ਤੋਂ ਬਾਅਦ ਕਣਕ ਦੇ ਬੀਜ ਅਤੇ ਮੁੱਢਲੀ ਖਾਦ ਦੇ ਛੱਟਾ ਦੇ ਦਿੱਤਾ ਜਾਂਦਾ ਹੈ ਅਤੇ ਖੜ੍ਹੇ ਮੁੱਢਾਂ ਨੂੰ ਕੱਟਣ ਲਈ ਇਕ ਵਾਰ 4-5 ਇੰਚ ਉੱਚਾ ਰੱਖ ਕੇ ਕਟਰ-ਕਮ-ਸਪਰੈਡਰ ਚਲਾ ਦਿੱਤਾ ਜਾਂਦਾ ਹੈ ਅਤੇ ਬਾਅਦ ਵਿਚ ਖੇਤ ਨੂੰ ਪਾਣੀ ਲਾ ਦਿੱਤਾ ਜਾਂਦਾ ਹੈ। ਬਿਜਾਈ ਲਈ 45 ਕਿਲੋ ਬੀਜ ਅਤੇ 65 ਕਿਲੋ ਡੀ. ਏ. ਪੀ. ਖਾਦ ਪ੍ਰਤੀ ਏਕੜ ਵਰਤੀ ਜਾਂਦੀ ਹੈ। ਬਿਜਾਈ ਲਈ ਪੀ ਏ ਯੂ ਸਰਫੇਸ ਸੀਡਰ ਦੀ ਵਰਤੋਂ ਕਰੋ।

**ਚੌਪਰ/ਮਲਚਰ ਨਾਲ ਪਰਾਲੀ ਦਾ ਕੁਤਰਾ ਕਰਕੇ ਖੇਤ ਵਿਚ ਮਿਲਾਉਣਾ** : ਝੋਨੇ ਦੀ ਪਰਾਲੀ ਨੂੰ ਕੁਤਰਨ ਅਤੇ ਖਿਲਾਰਨ ਲਈ ਪਰਾਲੀ ਵਾਲਾ ਚੌਪਰ/ਮਲਚਰ ਵੀ ਵਰਤਿਆ ਜਾ ਸਕਦਾ ਹੈ। ਕੁਤਰੀ ਹੋਈ ਪਰਾਲੀ ਨੂੰ ਦੋ ਢੰਗਾਂ ਰਾਹੀਂ ਖੇਤਾਂ ਵਿਚ ਮਿਲਾਇਆ ਜਾ ਸਕਦਾ ਹੈ।

**ਪਾਣੀ ਲਾ ਕੇ ਪਰਾਲੀ ਨੂੰ ਮਿੱਟੀ ਵਿਚ ਮਿਲਾਉਣਾ** : ਚੌਪਰ ਚਲਾਉਣ ਤੋਂ ਬਾਅਦ ਕੁਤਰੀ ਹੋਈ ਪਰਾਲੀ ਵਾਲੇ ਖੇਤ ਨੂੰ ਹਲਕਾ ਪਾਣੀ ਲਾ ਕੇ ਰੋਟਰੀ ਪਡਲਰ (ਰੋਟਾਵੇਟਰ) ਦੀ ਮਦਦ ਨਾਲ ਇਸ ਪਰਾਲੀ ਨੂੰ ਬੜੀ ਆਸਾਨੀ ਨਾਲ ਜ਼ਮੀਨ ਵਿਚ ਮਿਲਾਇਆ ਜਾ ਸਕਦਾ ਹੈ। ਜਦੋਂ ਕੁਤਰੀ ਹੋਈ ਪਰਾਲੀ ਪਾਣੀ ਅਤੇ ਮਿੱਟੀ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਇਸ ਦੇ ਗਲਣ ਦੀ ਪ੍ਰਕਿਰਿਆ ਹੋਰ ਤੇਜ਼ ਹੋ ਜਾਂਦੀ ਹੈ।

**ਉਲਟਾਵੇਂ ਹੱਲਾਂ ਨਾਲ ਮਿੱਟੀ ਵਿਚ ਮਿਲਾਉਣਾ** : ਕੁਤਰੀ ਹੋਈ ਪਰਾਲੀ ਉਲਟਾਵੇਂ ਹੱਲਾਂ ਨਾਲ ਮਿੱਟੀ ਵਿਚ ਵੀ ਮਿਲਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪਰਾਲੀ ਤਕਰੀਬਨ 15-30 ਸੈਂਟੀਮੀਟਰ ਡੂੰਘਾਈ ਤੱਕ ਚਲੀ ਜਾਂਦੀ ਹੈ। ਉਪਰੰਤ ਤਵੀਆਂ ਨਾਲ ਖੇਤ ਤਿਆਰ ਕਰ ਲਿਆ ਜਾਂਦਾ ਹੈ। ਇਹ ਤਕਨੀਕ ਆਲੂ ਅਤੇ ਸਬਜ਼ੀ ਕਾਸ਼ਤਕਾਰਾਂ ਲਈ ਬਹੁਤ ਲਾਹੇਵੰਦ ਹੈ। ਜ਼ਮੀਨ ਅੰਦਰੋਂ ਪੋਲੀ ਰਹਿੰਦੀ ਹੈ ਅਤੇ ਆਲੂਆਂ ਦੇ ਝਾੜ ਵਿਚ ਰਵਾਇਤੀ ਢੰਗ ਨਾਲੋਂ ਵਾਧਾ ਵੀ ਦੇਖਿਆ ਗਿਆ ਹੈ।

**ਪਰਾਲੀ ਨੂੰ ਖੇਤ ਵਿਚੋਂ ਬਾਹਰ ਕੱਢਕੇ ਵਰਤੋਂ** : ਇਸ ਵਿਚ ਕੋਈ ਸ਼ੱਕ ਨਹੀਂ ਕਿ ਪਰਾਲੀ ਨੂੰ ਖੇਤਾਂ ਦੇ ਅੰਦਰ ਖਪਤ ਕਰਨਾ ਹੀ ਇਸਦਾ ਢੁੱਕਵਾਂ ਪ੍ਰਬੰਧਨ ਹੈ ਪ੍ਰੰਤੂ ਜੇਕਰ ਪਰਾਲ ਜ਼ਿਆਦਾ ਹੈ ਤਾਂ ਇਸਦਾ ਕੁੱਝ ਹਿੱਸਾ ਬਾਹਰ ਕੱਢ ਕੇ ਹੋਰ ਕੰਮਾਂ ਲਈ ਵੀ ਵਰਤਿਆ ਜਾ ਸਕਦਾ ਹੈ ਜਿਵੇਂ ਕਿ :

★ ਬਿਜਲੀ ਪੈਦਾ ਕਰਨ ਲਈ
★ ਗੱਤਾ ਬਣਾਉਣ ਲਈ
★ ਖੁੰਭਾ ਦੀ ਕਾਸ਼ਤ ਲਈ
★ ਫਲ, ਸਬਜ਼ੀਆਂ ਆਦਿ ਦੀ ਪੈਕਿੰਗ ਲਈ
★ ਡੰਗਰਾਂ ਲਈ ਸੁੱਕ ਪਾਉਣ ਲਈ
★ ਕੰਪੋਸਟ ਬਣਾਉਣ ਲਈ
★ ਪਸ਼ੂਆਂ ਲਈ ਚਾਰੇ ਵਜੋਂ
★ ਫਸਲਾਂ ਵਿਚ ਮਲਚ (ਛੌਰੇ) ਦੇ ਤੌਰ ਤੇ ਵਰਤਣ ਲਈ
★ ਪਰਾਲੀ ਤੋਂ ਬਾਇਓ ਗੈਸ ਤਿਆਰ ਕਰਨ ਲਈ।



# ਕਣਕ ਵਿੱਚ ਝੋਨੇ ਦੀ ਪਰਾਲੀ ਅਤੇ ਖਾਦਾਂ ਦਾ ਪ੍ਰਬੰਧ

ਵਾਤਾਵਰਣ ਅਤੇ ਮਿੱਟੀ ਦੀ ਗੁਣਵੱਤਾ ਵਿਚ ਸੁਧਾਰ ਲਿਆਉਣ ਲਈ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਹੀ ਸਾਂਭਣਾ ਸਭ ਤੋਂ ਵਧੀਆ ਢੰਗ ਮੰਨਿਆ ਜਾਂਦਾ ਹੈ। ਜੇਕਰ ਪਰਾਲੀ ਨੂੰ ਖੇਤ ਵਿਚ ਲਗਾਤਾਰ ਸਾਂਭਿਆ ਜਾਵੇ ਤਾਂ ਘੱਟ ਖਾਦਾਂ ਵਰਤ ਕੇ ਵੱਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਹੌਲੀ-ਹੌਲੀ ਗਲਣ ਮਗਰੋਂ ਪਰਾਲੀ ਵਿਚਲੇ ਖੁਰਾਕੀ ਤੱਤ (5-8 ਕਿਲੋ ਨਾਈਟ੍ਰੋਜਨ, 1.6-2.7 ਕਿਲੋ ਫਾਸਫੋਰਸ ਅਤੇ 14-20 ਕਿਲੋ ਪੋਟਾਸ਼ੀਅਮ ਪ੍ਰਤੀ ਟਨ ਪਰਾਲੀ) ਅਤੇ ਜੈਵਿਕ ਕਾਰਬਨ (400 ਕਿਲੋ ਪ੍ਰਤੀ ਟਨ ਪਰਾਲੀ) ਖੇਤ ਦੇ ਭੌਤਿਕ, ਰਸਾਇਣਿਕ ਅਤੇ ਜੈਵਿਕ ਗੁਣਾਂ ਵਿਚ ਵਾਧਾ ਕਰਦੇ ਹਨ। ਪਰਾਲੀ ਨੂੰ ਖੇਤ ਵਿਚ ਸਾਂਭ ਕੇ ਕਣਕ ਦੀ ਬਿਜਾਈ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ। ਪਰਾਲੀ ਨੂੰ ਖੇਤ ਵਿਚ ਰੋਟਾਵੇਟਰ ਜਾਂ ਤਵੀਆਂ ਨਾਲ ਵਾਹ ਕੇ ਜਾਂ ਸਿੱਧਾ ਸੁਪਰ ਸੀਡਰ ਨਾਲ ਪਰਾਲੀ ਸਾਂਭ ਕੇ ਕਣਕ ਦੀ ਬਿਜਾਈ ਸਫਲਤਾਪੂਰਵਕ ਹੋ ਜਾਂਦੀ ਹੈ। ਹੈਪੀਸੀਡਰ ਜਾਂ ਸਰਫੇਸ ਸੀਡਿੰਗ ਤਕਨੀਕ ਨਾਲ ਵੀ ਬਿਨ੍ਹਾਂ ਪਰਾਲੀ ਵਾਹੇ ਜਾਂ ਸਾੜੇ ਕਣਕ ਦੀ ਬਿਜਾਈ ਸੰਭਵ ਹੋਣ ਨਾਲ ਰੱਖੀ ਪਰਾਲੀ ਤੋਂ ਲਾਹਾ ਲਿਆ ਜਾ ਸਕਦਾ ਹੈ ਅਤੇ ਖਰਚਾ ਵੀ ਘੱਟਦਾ ਹੈ।

ਲੰਮੇ ਸਮੇਂ ਦੇ ਤਜ਼ਰਬਿਆਂ ਤੋਂ ਇਹ ਨਤੀਜੇ ਸਾਹਮਣੇ ਆਏ ਕਿ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਲਗਾਤਾਰ ਵਾਹੁਣ ਜਾਂ ਰੱਖਣ ਨਾਲ 12 ਸਾਲਾਂ ਬਾਅਦ ਜੈਵਿਕ ਕਾਰਬਨ ਵਿਚ ਚੋਖਾ ਵਾਧਾ ਹੋਇਆ ਜਿਹੜਾ ਕਿ 0.33% ਤੋਂ ਵੱਧ ਕੇਔਸਤਨ 0.76% ਹੋ ਗਿਆ। ਪਰਾਲੀ ਨੂੰ ਖੇਤ ਵਿਚ ਰਲਾਉਣ ਨਾਲ ਮਿੱਟੀ ਦੀ ਘਣਤਾ



ਵੀ 1.43 ਮੈਗਾ ਗ੍ਰਾਮ ਪ੍ਰਤੀ ਘਣ ਮੀਟਰ ਤੋਂ ਘੱਟ ਕੇ 1.32 ਮੈਗਾ ਗ੍ਰਾਮ ਪ੍ਰਤੀ ਘਣ ਮੀਟਰ ਰਹਿ ਗਈ ਜਿਸ ਨਾਲ ਮਿੱਟੀ ਦਾ ਪੋਲਾਪਣ ਵੱਧਦਾ ਹੈ। ਇਸੇ ਤਰ੍ਹਾਂ ਖੇਤ ਵਿਚ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਦੀ ਉਪਲੱਬਧਤਾ ਵਿਚ ਪਰਾਲੀ ਬਾਹਰ ਕੱਢੇ ਖੇਤਾਂ ਦੇ ਮੁਕਾਬਲੇ ਕ੍ਰਮਵਾਰ 26.1, 36.0 ਅਤੇ 12.1 ਪ੍ਰਤੀਸ਼ਤ ਦਾ ਵਾਧਾ ਦੇਖਿਆ ਗਿਆ। ਸਿੱਟੇ ਵਜੋਂ ਪਰਾਲੀ ਖੇਤ ਵਿਚ ਵਾਹੁਣ ਅਤੇ ਰੱਖਣ ਨਾਲ ਝੋਨੇ ਅਤੇ ਕਣਕ ਦੋਵਾਂ ਦਾ ਝਾੜ ਪਰਾਲੀ ਬਾਹਰ ਕੱਢੇ ਖੇਤਾਂ ਨਾਲੋਂ ਅਰਥਪੂਰਨ ਵਧਿਆ। ਝੋਨਾ ਕਣਕ ਫਸਲੀ ਚੱਕਰ ਦੀ 4-12 ਸਾਲ ਦੀ ਔਸਤਨ ਉਤਪਾਦਕਤਾ ਵਿਚ ਬਿਨਾਂ ਪਰਾਲੀ ਵਾਲੇ ਖੇਤਾਂ ਨਾਲੋਂ ਪਰਾਲੀ ਰੱਖਣ ਅਤੇ ਖੇਤ ਵਿਚ ਵਾਹੁਣ ਨਾਲ ਕ੍ਰਮਵਾਰ 4.5 ਅਤੇ 4.3 ਕੁਇੰਟਲ ਪ੍ਰਤੀ ਏਕੜ ਦਾ ਵਾਧਾ ਹੋਇਆ।

ਇਨ੍ਹਾਂ ਤਜ਼ਰਬਿਆਂ ਵਿੱਚ ਇਹ ਵੀ ਦੇਖਿਆ ਗਿਆ ਕਿ ਲਗਾਤਾਰ ਤਿੰਨ ਸਾਲ ਪਰਾਲੀ ਖੇਤਾਂ ਵਿਚ ਵਾਹੁਣ ਜਾਂ ਇਸ ਦਾ ਪ੍ਰਬੰਧ ਹੈਪੀ ਸੀਡਰ ਨਾਲ ਕਰਨ ਤੋਂ ਬਾਅਦ ਇਹਨਾਂ ਖੇਤਾਂ ਵਿਚ ਚੌਥੇ ਸਾਲ ਤੋਂ ਰਵਾਇਤੀ ਕਣਕ (ਬਿਨਾਂ ਪਰਾਲੀ + 50 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ) ਨਾਲੋਂ 25 ਪ੍ਰਤੀਸ਼ਤਤ ਘੱਟ ਨਾਈਟ੍ਰੋਜਨ ਵਰਤ ਕੇ 10% ਕਣਕ ਦਾ ਵਧੇਰੇ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤਜ਼ਰਬੇ ਵਿਚ 12ਵੇਂ-13ਵੇਂ ਸਾਲ ਦੀ ਅਗਲੇਰੀ ਖੋਜ ਤੋਂ ਇਹ ਸਾਹਮਣੇ ਆਇਆ ਕਿ ਬਿਨਾਂ ਪਰਾਲੀ ਸਿਫਾਰਸ਼ ਫਾਸਫੋਰਸ ਵਾਲੇ ਖੇਤਾਂ ਨਾਲ ਪਰਾਲੀ ਵਾਲੇ ਖੇਤਾਂ ਵਿਚ ਫਾਸਫੋਰਸ ਦੀ ਅੱਧੀ ਮਾਤਰਾ ਪਾਉਣ ਨਾਲ ਵੀ ਕਣਕ ਦਾ 2-3 ਪ੍ਰਤੀਸ਼ਤ ਵੱਧ ਝਾੜ ਪ੍ਰਾਪਤ ਕੀਤਾ ਗਿਆ। ਸੋ, ਕਿਸਾਨ ਵੀਰੋ ਅਸੀਂ ਇਹ ਸਿਫਾਰਸ਼ ਕਰਦੇ ਹਾਂ ਕਿ ਜਿੱਥੇ ਕਣਕ ਦੀ ਬਿਜਾਈ ਤਿੰਨ ਸਾਲਾਂ ਤੋਂ ਲਗਾਤਾਰ ਝੋਨੇ ਦੀ ਪਰਾਲੀ ਸਾਂਭੇ ਖੇਤਾਂ ਵਿਚ ਕੀਤੀ ਜਾ ਰਹੀ ਹੈ, ਉੱਥੇ ਚੌਥੇ ਸਾਲ ਤੋਂ ਸਿਫਾਰਸ਼ ਨਾਲ 20 ਕਿਲੋ ਯੂਰੀਆ ਪ੍ਰਤੀ ਏਕੜ ਘੱਟ ਪਾਉ। ਇਸ ਦੇ ਨਾਲ ਹੀ ਜੇਕਰ ਝੋਨੇ ਦੀ ਪਰਾਲੀ ਖੇਤ ਵਿਚ ਲਗਾਤਾਰ ਰੱਖਣ ਜਾਂ ਵਾਹੁਣ ਨਾਲ ਜੈਵਿਕ ਮਾਦਾ 'ਵੱਧ' ਸ਼੍ਰੇਣੀ ਵਿਚ ਆ ਜਾਵੇ ਉਨ੍ਹਾਂ ਖੇਤਾਂ ਵਿਚ ਕਣਕ ਦੀ ਬਿਜਾਈ ਵੇਲੇ 27 ਕਿਲੋ ਡੀ ਏ ਪੀ ਪ੍ਰਤੀ ਏਕੜ ਹੀ ਵਰਤੋ।

ਕਿਸਾਨ ਵੀਰੋ, ਪਰਾਲੀ ਨੂੰ ਖੇਤ ਵਿਚ ਹੀ ਸਾਂਭ ਕੇ ਨਾ ਸਿਰਫ ਫਸਲਾਂ ਦੇ ਝਾੜ ਵਧਾਈਏ ਸਗੋਂ ਮਿੱਟੀ ਦੀ ਸਿਹਤ ਵਿਚ ਸੁਧਾਰ ਕਰਕੇ ਰਸਾਇਣਕ ਖਾਦਾਂ ਦੀ ਵਰਤੋਂ ਵੀ ਘਟਾਈਏ ਅਤੇ ਵਾਤਾਵਰਨ ਨੂੰ ਬਚਾਈਏ।

**ਜਸਜੀਤ ਸਿੰਘ ਕੰਗ, ਜਗਰੂਪ ਕੌਰ ਅਤੇ**
**ਸੁਰਜੀਤ ਸਿੰਘ ਮਿਨਹਾਸ, ਫਸਲ ਵਿਗਿਆਨ ਵਿਭਾਗ,**
**ਪੀ. ਏ. ਯੂ., ਲੁਧਿਆਣਾ ਮੋ: 94639-91330**

# ਮਿੱਲਟ ਦੀਆਂ ਪ੍ਰੋਸੈਸਿੰਗ ਸੰਭਾਵਨਾਵਾਂ ਅਤੇ ਇਹਨਾਂ ਤੋਂ ਤਿਆਰ ਉਤਪਾਦ

**ਸਵਿਤਾ ਸ਼ਰਮਾ, ਰਾਜਨ ਸ਼ਰਮਾ ਅਤੇ ਅਰਸ਼ਦੀਪ ਸਿੰਘ,**
ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 98147-69992

ਮਿੱਲਟ ਜਿੰਨਾਂ ਨੂੰ ਮੋਟੇ ਅਨਾਜ ਕਿਹਾ ਜਾਂਦਾ ਹੈ, ਨੂੰ ਉਨ੍ਹਾਂ ਦੇ ਪੌਸ਼ਟਿਕ ਗੁਣਾਂ ਅਤੇ ਪੌਸ਼ਟਿਕ ਸਮਰੱਥਾ ਦੇ ਕਾਰਨ 'ਭਵਿੱਖ ਦੇ ਅਨਾਜ' ਵਜੋਂ ਜਾਣਿਆ ਜਾਂਦਾ ਹੈ। ਕਣਕ ਅਤੇ ਝੋਨੇ ਵਰਗੀਆਂ ਮੁੱਖ ਫਸਲਾਂ ਦੇ ਮੁਕਾਬਲੇ ਮਿੱਲਟ ਨੂੰ ਪਾਣੀ ਦੀ ਲੋੜ ਬਹੁਤ ਘੱਟ ਹੈ ਕਿਉਂਕਿ ਇਹਨਾਂ ਦੀ ਡੂੰਘੀ ਜੜ੍ਹ ਮਿੱਟੀ ਦੀਆਂ ਹੇਠਲੀਆਂ ਪਰਤਾਂ ਤੋਂ ਪਾਣੀ ਤੱਕ ਪਹੁੰਚ ਕਰਦੀਆਂ ਹਨ ਜਿਸ ਕਰਕੇ ਮਿੱਲਟ ਸੋਕੇ ਵਿਚ ਵੀ ਹੋ ਜਾਂਦੇ ਹਨ। ਮਿੱਲਟ ਮਾੜੀ-ਗੁਣਵੱਤਾ ਵਾਲੀ ਜਾਂ ਘੱਟ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਲਈ ਵੀ ਢੁਕਵੇਂ ਹਨ। ਮਿੱਲਟ ਵਿਚ ਬਾਜਰਾ, ਜਵਾਰ ਅਤੇ ਬਾਗੀ ਤੋਂ ਇਲਾਵਾ ਕੁਟਕੀ, ਕੰਗਣੀ, ਕੋਦਰਾ, ਸਵਾਂਕ ਅਤੇ ਚੀਨਾ ਵਰਗੇ ਛੋਟੇ ਮਿੱਲਟ ਵੀ ਸ਼ਾਮਲ ਹਨ। ਮਿੱਲਟ ਬਹੁਤ ਜ਼ਿਆਦਾ ਪੌਸ਼ਟਿਕ ਅਨਾਜ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਖੁਰਾਕੀ ਫਾਈਬਰ, ਸਟਾਰਚ, ਪ੍ਰੋਟੀਨ, ਫੈਟ, ਖਣਿਜ (ਆਇਰਨ, ਜ਼ਿੰਕ, ਫਾਸਫੋਰਸ ਅਤੇ ਮੈਗਨੀਸ਼ੀਅਮ) ਅਤੇ ਵਿਟਾਮਿਨ (ਵਿਸ਼ੇਸ਼ ਤੌਰ 'ਤੇ ਬੀ-ਕੰਪਲੈਕਸ) ਸਮੇਤ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਪੌਸ਼ਟਿਕ ਤੱਤ ਜਿਵੇਂ ਕਿ ਖਣਿਜ, ਵਿਟਾਮਿਨ ਅਤੇ ਫਾਈਬਰ ਮਿੱਲਟ ਦੇ ਬਾਹਰੀ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ , ਇਸ ਲਈ ਮਿੱਲਟ ਦਾ ਪੂਰਾ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਛਿਲਕਾ ਉਤਾਰ ਕੇ ਵਰਤਣਾ ਅਕਸਰ ਪੌਸ਼ਟਿਕ ਤੱਤਾਂ ਨੂੰ ਘਟਾ ਦਿੰਦਾ ਹੈ। ਮਿੱਲਟ ਕੁਦਰਤੀ ਤੌਰ ਤੇ ਗਲੂਟਨ ਮੁਕਤ ਅਤੇ ਘੱਟ ਗਲਾਈਸੈਮਿਕ ਇੰਡੈਕਸ ਅਨਾਜ ਹੁੰਦੇ ਹਨ ਅਤੇ ਗਲੂਟਨ ਐਲਰਜੀ ਵਾਲੇ ਖਪਤਕਾਰਾਂ ਲਈ ਇਕ ਵਿਕਲਪ ਹਨ।

ਪੌਸ਼ਟਿਕ ਤੱਤਾਂ ਦੀ ਭਰਪੂਰਤਾ ਕਾਰਣ, ਖਾਣ ਤੋਂ ਬਾਅਦ ਮਿੱਲਟ ਸੰਤੁਸ਼ਟੀ ਜਾਂ ਸੰਪੂਰਨਤਾ ਪ੍ਰਦਾਨ ਕਰਦੇ ਹਨ, ਜਿਸ ਕਰਕੇ ਇਹ ਕੈਲੋਰੀ ਨਿਯੰਤਰਣ ਅਤੇ ਵਜ਼ਨ ਪ੍ਰਬੰਧਨ ਵਿਚ ਯੋਗਦਾਨ ਪਾਉਂਦੇ ਹਨ। ਮਿੱਲਟ ਦੀ ਖਣਿਜ ਅਤੇ ਵਿਟਾਮਿਨ ਸਮੱਗਰੀ ਵੱਖ-ਵੱਖ ਸਰੀਰਕ, ਪਾਚਕ ਅਤੇ ਨਿਊਰੋਲੋਜੀਕਲ ਪ੍ਰਕਿਰਿਆਵਾਂ ਨੂੰ ਨਿਯਮਤ ਕਰਨ ਵਿਚ ਮਦਦ ਕਰਦੀ ਹੈ। ਕਾਰਬੋਹਾਈਡਰੇਟ ਅਤੇ ਉੱਚ ਰੋਧਕ ਸਟਾਰਚ ਮਿੱਲਟ ਨੂੰ ਘੱਟ ਗਲਾਈਸੈਮਿਕ ਭੋਜਨ ਬਣਾਉਂਦੇ ਹਨ ਜੋ ਸ਼ੂਗਰ ਦੇ ਮਰੀਜ਼ਾਂ ਲਈ ਢੁਕਵੇਂ ਹਨ।

**ਮਿੱਲਟ ਦੀ ਪ੍ਰੋਸੈਸਿੰਗ** : ਮਿੱਲਟ ਦੀ ਪ੍ਰੋਸੈਸਿੰਗ ਉਹਨਾਂ ਨੂੰ ਮਨੁੱਖੀ ਖਪਤ ਲਈ ਖਾਣ ਯੋਗ ਬਣਾਉਣ ਲਈ ਲੋੜੀਂਦੀ ਹੈ ਅਤੇ ਮਿੱਲਟ ਨੂੰ ਵੱਖ-ਵੱਖ ਤਕਨੀਕਾਂ ਦੁਆਰਾ ਪ੍ਰੋਸੈਸ ਕੀਤਾ ਜਾ ਸਕਦਾ ਹੈ।



ਮਕੈਨੀਕਲ ਪ੍ਰਕਿਰਿਆਵਾਂ ਜਿਵੇਂ ਕਿ ਮਿਲਿੰਗ ਅਤੇ ਪਰਲਿੰਗ ਪੌਸ਼ਟਿਕਤਾ ਨੂੰ ਬਿਹਤਰ ਬਣਾਉਂਦੀਆਂ ਹਨ ਅਤੇ ਉਤਪਾਦਾਂ ਲਈ ਪ੍ਰੋਸੈਸਿੰਗ ਵਿਚ ਸੌਖ ਕਰਦੀਆਂ ਹਨ। ਪਾਣੀ ਵਿੱਚ ਭਿਉਣਾ, ਪੁੰਗਰਣਾ ਅਤੇ ਖਮੀਰੀਕਰਣ, ਪੌਸ਼ਕ ਤੱਤਾਂ ਦੀ ਰਚਨਾ, ਐਂਟੀਆਕਸੀਡੈਂਟ ਅਤੇ ਪੌਸ਼ਟਿਕ ਪਾਚਕਤਾ ਨੂੰ ਵਧਾਉਣ ਵਿਚ ਮਦਦ ਕਰਦੀਆਂ ਹਨ। ਬੇਕਿੰਗ, ਪੌਪਿੰਗ, ਐਕਸਟਰਿਊਜ਼ਨ, ਭੁੰਨਣਾ ਅਤੇ ਖਾਣਾ ਬਣਾਉਣ ਸਮੇਤ ਥਰਮਲ ਪਕਿਰਿਆਵਾਂ ਕੱਚੇ ਮਿੱਲਟ ਨੂੰ ਖਾਣ ਲਈ ਤਿਆਰ ਭੋਜਨ ਉਤਪਾਦਾਂ ਵਿਚ ਬਦਲ ਦਿੰਦੀਆਂ ਹਨ।

**ਮਿੱਲਟ ਤੋਂ ਤਿਆਰ ਉਤਪਾਦ** : ਮਿੱਲਟ ਨੂੰ ਪੂਰੇ ਅਨਾਜ, ਆਟਾ, ਦਰਦਰੇ ਅਤੇ ਫਲੈਕਸ ਰੂਪਾਂ ਵਿਚ ਵੱਖ-ਵੱਖ ਭੋਜਨ ਉਤਪਾਦਾਂ ਲਈ ਵਰਤਿਆ ਜਾ ਸਕਦਾ ਹੈ।

**ਬੇਕਰੀ ਉਤਪਾਦ** : ਮਿੱਲਟ ਨੂੰ ਕੂਕੀਜ਼, ਬਿਸਕੁਟ, ਕੇਕ, ਮਫਿਨ ਆਦਿ ਬਣਾਉਣ ਵਿਚ ਸਫਲਤਾਪੂਰਵਕ ਵਰਤਿਆ ਜਾ ਸਕਦਾ ਹੈ। ਬੇਕਰੀ ਉਤਪਾਦ ਬਣਾਉਣ ਲਈ ਸਿਹਤਮੰਦ ਅਤੇ ਪੌਸ਼ਟਿਕ ਮਿਲਟ ਦੇ ਆਟੇ ਨੂੰ ਮੈਦਾ ਜਾਂ ਕਣਕ ਦੇ ਆਟੇ ਦੀ ਥਾਂ 'ਤੇ ਵਰਤਿਆ ਜਾ ਸਕਦਾ ਹੈ।

**ਪਾਸਤਾ ਅਤੇ ਨੂਡਲਜ਼** : ਪਾਸਤਾ, ਮੈਕਰੋਨੀ ਅਤੇ ਨੂਡਲਜ਼ ਵਰਗੇ ਉਤਪਾਦ ਆਮ ਤੌਰ 'ਤੇ ਸੂਜੀ ਤੋਂ ਤਿਆਰ ਕੀਤੇ ਜਾਂਦੇ ਹਨ; ਹਾਲਾਂਕਿ, ਕਣਕ ਦੀ ਸਮੱਗਰੀ ਨੂੰ ਘਟਾਉਣ ਅਤੇ ਮੌਜੂਦਾ ਉਤਪਾਦਾਂ ਵਿਚ ਵਿਭਿੰਨਤਾ ਜੋੜਨ ਲਈ, ਮਿੱਲਟ ਨੂੰ ਵੱਖ-ਵੱਖ ਪੱਧਰਾਂ 'ਤੇ ਸ਼ਾਮਲ ਕੀਤਾ ਜਾ ਸਕਦਾ ਹੈ।

**ਰੋਸਟਡ/ਭੁੰਨੇ ਹੋਏ ਮਿੱਲਟ** : ਮਿੱਲਟ ਨੂੰ ਖੁੱਲ੍ਹੀ ਕੜਾਈ ਵਿਚ ਜਾਂ ਨਮਕ/ਰੇਤ ਨਾਲ ਭੁੰਨਿਆ ਜਾ ਸਕਦਾ ਹੈ ਅਤੇ ਆਮ ਤੌਰ 'ਤੇ ਭੁੰਨੇ ਹੋਏ ਮਿੱਲਟ ਨੂੰ ਸਨੈਕਸ ਵਜੋਂ ਖਾਧਾ ਜਾਂਦਾ ਹੈ। ਇਹਨਾਂ ਭੁੰਨੇ ਹੋਏ ਮਿੱਲਟ ਦਾ ਸਵਾਦ ਵਧਾਉਣ ਲਈ ਉਹਨਾਂ ਨੂੰ ਲੋੜੀਂਦੇ ਫਲੇਵਰ ਨਾਲ ਰਲਾਇਆ ਜਾ ਸਕਦਾ ਹੈ।

**ਦੇਸੀ ਉਤਪਾਦ** : ਮਿੱਲਟ ਦੀ ਵਰਤੋਂ ਕਈ ਸਵਦੇਸ਼ੀ ਉਤਪਾਦਾਂ ਜਿਵੇਂ ਕਿ ਰੋਟੀ, ਪੂੜਾ, ਚਿੱਲਾ, ਪੰਜੀਰੀ, ਲੱਡੂ, ਗੱਚਕ ਅਤੇ ਬਾਰ ਨੂੰ ਵਿਕਸਤ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਇਹਨਾਂ ਉਤਪਾਦਾਂ ਦੀ ਤਿਆਰੀ ਲਈ ਰਵਾਇਤੀ ਆਟੇ ਨੂੰ ਮਿੱਲਟ ਦੇ ਆਟੇ ਨਾਲ ਸਫਲਤਾਪੂਰਵਕ ਬਦਲਿਆ ਜਾ ਸਕਦਾ ਹੈ ਜੋ ਇਹਨਾਂ ਉਤਪਾਦਾਂ ਦੇ ਖਣਿਜਾਂ, ਬਾਇਓਐਕਟਿਵ, ਖੁਰਾਕ ਫਾਈਬਰ ਅਤੇ ਪ੍ਰੋਟੀਨ ਮਿਸ਼ਰਣਾਂ ਨੂੰ ਵਧਾਉਂਦਾ ਹੈ।

# ਅੱਗ ਨਹੀਂ ਲਾਈ, ਖੇਤ 'ਚ ਵਾਹੀ ਪਰਾਲੀ

ਮੋਗਾ ਜ਼ਿਲ੍ਹੇ ਦੇ ਪਿੰਡ ਮੱਲੇਆਣਾ ਦੇ ਉੱਦਮੀ 'ਤੇ ਅਗਾਂਹਵਧੂ ਕਿਸਾਨ ਕਰਨੈਲ ਸਿੰਘ ਧਾਲੀਵਾਲ ਨੇ ਪਿਛਲੇ 8 ਸਾਲ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਲਾ ਲਗਾ ਕੇ ਆਪਣੇ ਖੇਤ ਵਿਚ ਹੀ ਵਾਹ ਰਿਹਾ ਹੈ। ਪਰਾਲੀ ਨੂੰ ਖੇਤ ਵਿਚ ਵਹਾਉਣ ਨਾਲ ਜਿੱਥੇ ਧਰਤੀ ਉਪਜਾਊ ਹੁੰਦੀ ਹੈ ਉੱਥੇ ਅਗਲੀ ਫਸਲ ਦੇ ਝਾੜ ਵਿਚ ਵੀ ਚੋਖਾ ਫਰਕ ਪੈਂਦਾ ਹੈ।

ਉੱਦਮੀ ਕਿਸਾਨ ਕਰਨੈਲ ਸਿੰਘ ਮੱਲੇਆਣਾ ਨੇ ਦੱਸਿਆ ਕਿ ਉਹ 70 ਏਕੜ ਦੇ ਕਰੀਬ ਖੇਤੀ ਕਰਦਾ ਹੈ ਅਤੇ ਉਸ ਵੱਲੋਂ ਪਿਛਲੇ 8 ਸਾਲ ਤੋਂ ਝੋਲੇ ਦੀ ਪਰਾਲੀ ਨੂੰ ਕਦੇ ਵੀ ਅੱਗ ਨਹੀਂ ਲਾਈ, ਉਸ ਵੱਲੋਂ ਖੇਤ ਵਿਚ ਹੀ ਪਰਾਲੀ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਕਰਨੈਲ ਸਿੰਘ ਨੇ ਕਿਹਾ ਉਹ ਪਰਾਲੀ ਨੂੰ ਮਲਚਰ, ਪਲਾਓ ਅਤੇ ਰੋਟਾਵੇਟਰ ਨਾਲ ਵਾਹ ਕੇ ਖੇਤ ਵਿਚ ਹੀ ਖਪਤ ਕਰ ਦਾ ਆ ਰਿਹਾ ਹੈ। ਇਸ ਤਰ੍ਹਾਂ ਕਰਨ ਨਾਲ ਜਿੱਥੇ ਜ਼ਮੀਨ ਉਪਜਾਊ ਹੁੰਦੀ ਹੈ ਉੱਥੇ ਅੱਗ ਨਾਲ ਧਰਤੀ ਦੇ ਮਿੱਤਰ ਕੀੜੇ ਕਰ ਜਾਂਦੇ ਹਨ ਜੋ ਅਗਲੀ ਫਸਲ ਲਈ ਨੁਕਸਾਨਦਾਇਕ ਹਨ। ਪਰਾਲੀ ਨੂੰ ਅੱਗ ਨਾ ਲਾ ਕੇ ਇਸ ਨੂੰ ਮਸ਼ੀਨਾਂ ਰਾਹੀਂ ਖੇਤਾਂ ਵਿਚ ਮਿਲਾ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਿਚ ਜਿੱਥੇ ਵਾਧਾ ਹੁੰਦਾ ਹੈ ਉੱਥੇ ਖਾਦਾਂ ਖਪਤ ਕਰਨ ਤੇ ਖਰਚਾ ਘੱਟਦਾ ਹੈ ਉੱਥੇ ਮੁਨਾਫਾ ਵੀ ਵਧਦਾ ਹੈ।

## ਪਰਾਲੀ ਖੇਤ 'ਚ ਹੀ ਖਪਤ ਕਰਨ ਨਾਲ ਅਗਲੀ ਫਸਲ ਦਿੰਦੀ ਹੈ ਮੁਨਾਫਾ : ਖੇਤੀਬਾੜੀ ਅਫਸਰ ਡਾ. ਮਨਜੀਤ ਸਿੰਘ

ਖੇਤੀਬਾੜੀ ਅਫਸਰ ਡਾ. ਮਨਜੀਤ ਸਿੰਘ ਨੇ ਅਗਾਂਹਵਧੂ ਕਿਸਾਨ ਕਰਨੈਲ ਸਿੰਘ ਮੱਲੇਆਣਾ ਦੀ ਸ਼ਲਾਘਾ ਕਰਦਿਆਂ ਹੋਰ ਕਿਸਾਨਾਂ ਨੂੰ ਵੀ ਝੋਨੇ ਦੀ ਪਰਾਲੀ ਖੇਤ ਵਿਚ ਖਪਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿਚ ਹੀ ਖਪਤ ਕਰਨ ਤੇ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਵੱਧਦੀ ਹੈ ਉੱਥੇ ਹੀ ਰਸਾਇਣਕ ਖਾਦਾਂ ਦੀ ਵਰਤੋਂ ਵੀ ਘੱਟ ਕਰਨ ਪੈਂਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾ ਕੇ ਖੇਤ ਵਿਚ ਹੀ ਨਸ਼ਟ ਕਰਨ ਨਾਲ ਅਗਲੀ ਫਸਲ ਦੇ ਝਾੜ ਵਿਚ ਵੀ ਚੋਖਾ ਫਰਕ ਪੈਂਦਾ ਹੈ।



# ਹਾੜ੍ਹੀ ਦੀ ਰੁੱਤ ਵਿਚ ਪੀ.ਏ.ਯੂ. ਵੱਲੋਂ ਤਿਆਰ ਦਾਲਾਂ ਅਤੇ ਤੇਲਬੀਜ ਦੀ ਮਿੰਨੀ ਕਿੱਟ ਦਾ ਮਹੱਤਵ



ਮਨੁੱਖੀ ਸਿਹਤ, ਘਰੇਲੂ ਲੋੜਾਂ ਅਤੇ ਖੇਤੀ ਵਿਭਿੰਨਤਾ ਨੂੰ ਧਿਆਨ ਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਹਾੜ੍ਹੀ ਦੇ ਦੌਰਾਨ ਦਾਲਾਂ ਤੇਲਬੀਜ ਦੀਆਂ ਆਪਣੀਆਂ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਮਸਰ,


**ਨਵਨੀਤ ਕੌਰ, ਅਮਰਜੀਤ ਸਿੰਘ ਸੰਧੂ ਅਤੇ ਪ੍ਰਿਤਪਾਲ ਸਿੰਘ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋ. 83604-74958)**


ਦੇਸੀ ਛੋਲੇ, ਕਨੋਲਾ ਸਰ੍ਹੋਂ ਅਤੇ ਅਲਸੀ ਦੇ ਬੀਜਾਂ ਦੀ ਕਿੱਟ ਤਿਆਰ ਕੀਤੀ ਹੈ ਜੋ ਕਿ ਕਿਸਾਨ ਵੀਰਾਂ ਲਈ ਬਹੁਤ ਲਾਹੇਵੰਦ ਹੋ ਸਕਦੀ ਹੈ। ਇਸ ਬੀਜ ਕਿੱਟ ਵਿਚ ਆਪਣੀਆਂ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ 250 ਗ੍ਰਾਮ ਮਸਰ, 500 ਗ੍ਰਾਮ ਛੋਲੇ, 250 ਗ੍ਰਾਮ ਕਨੋਲਾ ਸਰ੍ਹੋਂ ਅਤੇ 200 ਗ੍ਰਾਮ ਅਲਸੀ ਦਾ ਬੀਜ ਪਾਇਆ ਗਿਆ ਹੈ।

| ਫਸਲ | ਕਿਸਮ | ਕਿੱਟ ਵਿਚ ਬੀਜ ਦੀ ਮਾਤਰਾ | ਜਗ੍ਹਾ | ਬਿਜਾਈ ਦਾ ਸਮਾਂ | ਫਾਸਲਾ | ਖਾਦਾਂ |
|---|---|---|---|---|---|---|
| ਮਸਰ | ਐਲ.ਐਲ-1373 | 250 ਗ੍ਰਾਮ | 2 ਮਰਲੇ | ਨੀਮ ਪਹਾੜੀ ਇਲਾਕਿਆਂ ਲਈ ਅਕਤੂਬਰ ਦਾ ਦੂਜਾ ਪੰਦਰਵਾੜਾ ਅਤੇ ਦੂਜੇ ਇਲਾਕਿਆਂ ਲਈ ਅਕਤੂਬਰ ਦੇ ਅਖੀਰ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ | 22.5 | 165 ਗ੍ਰਾਮ ਯੂਰੀਆ, 625 ਗ੍ਰਾਮ ਸੁਪਰ ਫਾਸਫੇਟ ਬਿਜਾਈ ਸਮੇਂ |
| ਛੋਲੇ | ਪੀ. ਬੀ. ਜੀ-8 | 500 ਗ੍ਰਾਮ | 5 ਮਰਲੇ | 10-25 ਅਕਤੂਬਰ (ਬਰਾਨੀ ਹਾਲਤਾਂ ਵਿਚ) 25 ਅਕਤੂਬਰ ਤੋਂ 10 ਨਵੰਬਰ (ਸੇਂਜੂ ਹਾਲਤਾਂ ਵਿੱਚ) | 30 | 400 ਗ੍ਰਾਮ ਯੂਰੀਆ, 1.5 ਕਿਲੋ ਸਿੰਗਲ ਸੁਪਰ ਫਾਸਫੇਟ ਬਿਜਾਈ ਸਮੇਂ |
| ਗੋਭੀ ਸਰ੍ਹੋਂ | ਜੀ. ਐਸ. ਸੀ-72 | 50 ਗ੍ਰਾਮ | 1 ਕਨਾਲ, 6 ਮਰਲੇ | 10 ਤੋਂ 30 ਅਕਤੂਬਰ ਤੱਕ | 45*10 | 15 ਕਿਲੋ ਯੂਰੀਆ ਦੋ ਬਰਾਬਰ ਕਿਸ਼ਤਾਂ 'ਚ (ਬਿਜਾਈ ਸਮੇਂ ਅਤੇ ਪਹਿਲੇ ਪਾਣੀ ਨਾਲ), 12 ਕਿੱਲੋ ਸਿੰਗਲ ਸੁਪਰ ਫਾਸਫੇਟ ਬਿਜਾਈ ਸਮੇਂ |
| ਅਲਸੀ | ਐਲ.ਸੀ-2063 | 200 ਗ੍ਰਾਮ | 2 ਮਰਲੇ | ਅਕਤੂਬਰ ਦਾ ਪਹਿਲਾ | 23*7-10 | 685 ਗ੍ਰਾਮ ਯੂਰੀਆ, 1.25 ਕਿਲੋ ਸਿੰਗਲ ਸੁਪਰ ਫਾਸਫੇਟ ਬਿਜਾਈ ਸਮੇਂ |

ਵਿਸ਼ਵ ਸਿਹਤ ਸੰਸਥਾ ਦੀਆਂ ਸੰਤੁਲਿਤ ਖੁਰਾਕ ਸੰਬੰਧੀ ਹਿਦਾਇਤਾਂ ਮੁਤਾਬਿਕ ਪ੍ਰਤੀ ਦਿਨ ਪ੍ਰਤੀ ਵਿਅਕਤੀ ਦਾਲਾਂ ਅਤੇ ਬਨਸਪਤੀ ਤੇਲ ਦੀ ਵਰਤੋਂ ਕ੍ਰਮਵਾਰ 80 ਗ੍ਰਾਮ ਅਤੇ 20 ਗ੍ਰਾਮ ਹੋਣੀ ਚਾਹੀਦੀ ਹੈ। ਇਕ ਆਮ ਵਿਅਕਤੀ ਲਈ ਦਾਲਾਂ ਦੀ ਵਰਤੋਂ 30-35 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ। ਦਾਲਾਂ ਸੰਤੁਲਿਤ ਪ੍ਰੋਟੀਨ ਦਾ ਇਕ ਵਧੀਆ ਸਰੋਤ ਹਨ ਜਿਨ੍ਹਾਂ ਵਿਚ ਸਾਰੇ ਅਮੀਨੋ ਐਸਿਡ ਹੁੰਦੇ ਹਨ। ਕਨੋਲਾ ਸਰ੍ਹੋਂ ਦੀ ਖਾਸੀਅਤ ਇਹ ਹੈ ਕਿ ਇਸ ਵਿਚ 2% ਤੋਂ ਵੀ ਘੱਟ ਇਰੂਸਿਕ ਐਸਿਡ ਹੁੰਦਾ ਹੈ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਵਧੀਆ ਹੈ। ਸਾਡੇ ਸਮਾਜ ਲਈ ਅਲਸੀ ਵੀ ਵਰਤੋਂ ਸਰਦ ਰੁੱਤ ਵਿਚ ਪੰਜੀਰੀ ਅਤੇ ਪਿੰਨੀਆਂ ਬਣਾਉਣ ਲਈ ਕੀਤੀ ਜਾਂਦੀ ਹੈ। ਅਲਸੀ ਦੇ ਤੇਲ ਵਿਚ ਓਮੇਗਾ-3 ਫੈਟੀ ਐਸਿਡ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ। 10 ਗ੍ਰਾਮ ਪ੍ਰਤੀ ਦਿਨ ਅਲਸੀ ਦਾ ਸੇਵਨ ਇਕ ਸਿਹਤਮੰਦ ਮਾਤਰਾ ਹੈ ਜੋ ਪੁਰਸ਼ਾਂ (1.6 ਗ੍ਰਾਮ / ਦਿਨ) ਅਤੇ ਔਰਤਾਂ (1.1 ਗ੍ਰਾਮ / ਦਿਨ) ਲਈ ਓਮੇਗਾ-3 ਦੇ ਰੋਜ਼ਾਨਾ ਸਿਫਾਰਸ਼ ਕੀਤੇ ਪੱਧਰ ਨੂੰ ਪੂਰਾ ਕਰ ਸਕਦੀ ਹੈ।

ਇਹ ਅੱਜ ਦੇ ਸਮੇਂ ਦੀ ਮੰਗ ਹੈ ਕਿ ਕਣਕ-ਝੋਨੇ ਦੇ ਫਸਲੀ ਚੱਕਰ ਹੇਠੋਂ ਕੁਝ ਰਕਬਾ ਘਟਾ ਕੇ ਹੋਰ ਫਸਲੀ ਚੱਕਰਾਂ ਅਧੀਨ ਵਧਾਇਆ ਜਾਵੇ ਜਿਸ ਨਾਲ ਕਿਸਾਨ ਦੇ ਮੁਨਾਫੇ ਵਿਚ ਵੀ ਵਾਧਾ ਹੋਵੇ ਅਤੇ ਵਾਤਾਵਰਣ ਸੰਬੰਧੀ ਸਮੱਸਿਆਵਾਂ ਦਾ ਵੀ ਹੱਲ ਹੋਵੇ। ਇਹ ਕਿੱਟ ਤਕਰੀਬਨ 1 ਕਨਾਲ 15 ਮਰਲੇ ਜਗ੍ਹਾ ਚ ਲਗਾਈ ਜਾ ਸਕਦੀ ਹੈ ਅਤੇ ਸਾਡੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਕਾਫੀ ਹੈ ਨਾਲ ਹੀ ਪੰਜਾਬ ਅੰਦਰ ਖੇਤੀ ਵਿਭਿੰਨਤਾ ਲਈ ਵੀ ਸਹਾਈ ਹੋ ਸਕਦੀ ਹੋ ਸਕਦੀ ਹੈ। ਇਹਨਾਂ ਫਸਲਾਂ ਦੀ ਕਾਸ਼ਤ ਕਰਨ ਲਈ ਨੁਕਤੇ ਹੇਠਾਂ ਸਾਰਣੀ ਵਿਚ ਦਿੱਤੇ ਗਏ ਹਨ। ਇਹ ਕਿੱਟ ਪੀ ਏ ਯੂ ਕੈਂਪਸ (ਲੁਧਿਆਣਾ), ਵੱਖ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।





# ਵਧੇਰੀ ਆਮਦਨ ਲਈ ਲੱਸਣ ਦੀ ਕਾਸ਼ਤ


**ਅਜੈ ਕੁਮਾਰ, ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ**
**ਮੋ. 89682-78900**


ਸਬਜ਼ੀਆਂ ਦਾ ਮਨੁੱਖੀ ਖੁਰਾਕ 'ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੈ, ਕਿਉਂਕਿ ਫਲਾਂ ਨੂੰ ਛੱਡ ਕੇ ਇਨ੍ਹਾਂ ਵਿਚ ਸਾਰੇ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ, ਜੋ ਹੋਰ ਖਾਣ ਵਾਲੇ ਸਾਰੇ ਪਦਾਰਥਾਂ ਵਿਚ ਨਹੀਂ ਮਿਲਦੇ। ਲਸਣ ਠੰਢੇ ਮੌਸਮ ਦੀ ਫਸਲ ਹੈ। ਇਨ੍ਹਾਂ ਵਿਚ ਖੁਰਾਕੀ ਤੱਤ ਜਿਵੇਂ ਕਿ ਪ੍ਰੋਟੀਨ, ਕਾਰਬੋਹਾਈਡਰੇਟ ਅਤੇ ਵਿਟਾਮਿਨ ਭਰਪੂਰ ਮਾਤਰਾ 'ਚ ਹੁੰਦੇ ਹਨ। ਲਸਣ ਖੂਨ 'ਚ ਕੋਲੈਸਟ੍ਰੋਲ ਘਟਾਉਣ ਵਾਸਤੇ ਲਾਹੇਵੰਦ ਹੈ। ਲਸਣ ਕੈਲਸ਼ੀਅਮ, ਪੋਟਾਸ਼ੀਅਮ ਅਤੇ ਫਾਸਫੋਰਸ ਨਾਲ ਭਰਪੂਰ ਹੁੰਦਾ ਹੈ। ਲਸਣ 'ਚ ਮੌਜੂਦ ਐਲੀਸਿਨ ਖੂਨ 'ਚ ਕੋਲੈਸਟ੍ਰੋਲ ਨੂੰ ਘੱਟ ਕਰਦਾ ਹੈ, ਜਦੋਂ ਕਿ ਲਸਣ ਦੀਆਂ ਗੋਲੀਆਂ ਅਤੇ ਕੈਪਸੂਲ ਦੀ ਵਰਤੋਂ ਦਵਾਈ ਦੇ ਤੌਰ ਤੇ ਵੀ ਕੀਤੀ ਜਾਂਦੀ ਹੈ। ਲਸਣ ਦੇ ਐਬਸਟਰੈਕਟ ਨੂੰ ਕੰਨ ਦੇ ਦਰਦ ਨੂੰ ਠੀਕ ਕਰਨ ਲਈ 'ਈਅਰ ਡਰੌਪ' ਵਜੋਂ ਵਰਤਿਆ ਜਾਂਦਾ ਹੈ। ਲਸਣ ਖੂਨ 'ਚ ਕੋਲੈਸਟ੍ਰੋਲ ਘਟਾਉਣ ਵਾਸਤੇ ਲਾਹੇਵੰਦ ਹੈ।

ਲਸਣ ਦਰਮਿਆਨੀ ਗਰਮੀ ਤੇ ਸਰਦੀ 'ਚ ਚੰਗੀ ਤਰ੍ਹਾਂ ਵਧਦੀ ਫੁੱਲਦੀ ਹੈ। ਛੋਟੇ ਦਿਨਾਂ ਵਿਚ ਲਸਣ ਦੇ ਗੰਢੇ ਮੋਟੇ ਬਣਦੇ ਹਨ। ਰੇਤਲੀ ਮੈਰਾ ਜ਼ਮੀਨ ਇਸ ਦੀ ਕਾਸ਼ਤ ਲਈ ਢੁੱਕਵੀਂ ਹੈ।

**ਉੱਨਤ ਕਿਸਮਾਂ**

**ਪੀ.ਜੀ.-18** : ਇਸ ਕਿਸਮ ਵਿਚ ਬੂਟੇ ਤੋਂ ਨਾੜ ਨਹੀਂ ਨਿਕਲਦੀ ਅਤੇ ਇਸ ਦੇ ਪੱਤੇ ਹਰੇ ਰੰਗ ਦੇ ਹੁੰਦੇ ਹਨ। ਗੰਢੇ ਮੋਟੇ (4.55 ਸੈਂਟੀਮੀਟਰ ਵਿਆਸ) ਅਤੇ ਦਿਲਖਿੱਚਵੇਂ ਹੁੰਦੇ ਹਨ। ਇਕ ਗੰਢੇ ਦਾ ਭਾਰ ਲਗਭਗ 28.4 ਗ੍ਰਾਮ ਅਤੇ ਇਸ ਵਿਚ 26 ਤੁਰੀਆਂ ਹੁੰਦੀਆਂ ਹਨ। ਤੁਰੀਆਂ ਦਰਮਿਆਨੀਆਂ ਮੋਟੀਆਂ ਅਤੇ ਚਿੱਟੇ ਰੰਗ ਦੀਆਂ ਹੁੰਦੀਆਂ ਹਨ। ਇਸ ਕਿਸਮ 'ਚ 38 ਪ੍ਰਤੀਸ਼ਤ ਸੁੱਕਾ ਮਾਦਾ ਅਤੇ 1.15 ਪ੍ਰਤੀਸ਼ਤ ਐਲਿਸਨ ਦੀ ਮਾਤਰਾ ਹੁੰਦੀ ਹੈ। ਇਸ ਦਾ ਝਾੜ 51 ਕੁਇੰਟਲ ਪ੍ਰਤੀ ਏਕੜ ਹੈ।

**ਪੀ. ਜੀ.-17** : ਇਸ ਦੇ ਪੱਤੇ ਹਰੇ ਅਤੇ ਤੁਰੀਆਂ ਚਿੱਟੀਆਂ ਤੇ ਦਿਲਖਿਚਵੀਆਂ ਹੁੰਦੀਆਂ ਹਨ। ਗੰਢੇ ਇਕਸਾਰ ਵੱਡੇ ਤੇ ਚਿੱਟੇ ਰੰਗ ਦੇ ਹੁੰਦੇ ਹਨ। ਇਕ ਗੰਢੇ ਵਿਚ 25-30 ਤੁਰੀਆਂ ਹੁੰਦੀਆਂ ਹਨ। ਇਹ ਕਿਸਮ ਪੱਕਣ ਵਾਸਤੇ 165-170 ਦਿਨ ਲੈਂਦੀ ਹੈ। ਇਸ ਦਾ ਝਾੜ 50 ਕੁਇੰਟਲ ਪ੍ਰਤੀ ਏਕੜ ਹੈ।

**ਕਾਸ਼ਤ ਦੇ ਢੰਗ** : ਲਸਣ ਦੀ ਬਿਜਾਈ ਦਾ ਠੀਕ ਸਮਾਂ ਸਤੰਬਰ ਦੇ ਆਖਰੀ ਹਫਤੇ ਤੋਂ ਅਕਤੂਬਰ ਦਾ ਪਹਿਲਾ ਹਫਤਾ ਹੈ। ਇਕ ਏਕੜ ਦੀ ਬਿਜਾਈ ਲਈ 225-250 ਕਿਲੋ ਨਰੋਈਆਂ ਤੁਰੀਆਂ ਦੀ ਲੋੜ ਹੈ। ਘਰੇਲੂ ਬਗੀਚੀ ਵਿਚ ਜਾਂ ਛੋਟੀ ਪੱਧਰ 'ਤੇ ਚੋਕੇ ਨਾਲ ਬਿਜਾਈ ਕਰੋ, ਪਰ ਜੇਕਰ ਵਧੇਰੇ ਰਕਬੇ ਵਿਚ ਬਿਜਾਈ ਕਰਨੀ ਹੋਵੇ ਤਾਂ ਕੇਰੇ ਨਾਲ ਕਰੋ। ਲਸਣ ਦੀ ਬਿਜਾਈ ਹੱਥ ਨਾਲ ਚੱਲਣ ਵਾਲੇ ਪਲਾਂਟਰ ਨਾਲ ਵੀ ਕੀਤੀ ਜਾ ਸਕਦੀ ਹੈ, ਇਸ ਤਰ੍ਹਾਂ ਕਰਨ ਵੇਲੇ ਬੀਜ ਇਕ ਇੰਚ ਡੂੰਘਾ ਬੀਜੋ। ਪਲਾਂਟਰ ਨਾਲ 2-3 ਬੰਦੇ ਇਕ ਦਿਨ 'ਚ ਅੱਧੇ ਏਕੜ ਦੀ ਬਿਜਾਈ ਕਰ ਸਕਦੇ ਹਨ। ਵਧੇਰੇ ਝਾੜ ਪ੍ਰਾਪਤ ਕਰਨ ਲਈ ਕਤਾਰ ਤੋਂ ਕਤਾਰ 15 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ 7.5 ਸੈਂਟੀਮੀਟਰ ਫਾਸਲਾ ਰੱਖੋ। 20 ਟਨ ਗਲੀ-ਸੜੀ ਰੂੜੀ, 110 ਕਿਲੋ ਯੂਰੀਆ ਅਤੇ 155 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਸਾਰੀ ਰੂੜੀ ਅਤੇ ਫਾਸਫੋਰਸ ਬਿਜਾਈ ਤੋਂ ਪਹਿਲਾਂ ਪਾਓ ਅਤੇ ਨਾਈਟ੍ਰੋਜਨ ਖਾਦ ਨੂੰ ਤਿੰਨ ਹਿੱਸਿਆਂ ਵਿਚ, ਪਹਿਲਾ ਹਿੱਸਾ ਬਿਜਾਈ ਤੋਂ ਇਕ ਮਹੀਨਾ, ਦੂਸਰਾ ਡੇਢ ਮਹੀਨਾ ਅਤੇ ਤੀਸਰਾ 2 ਮਹੀਨੇ ਪਿੱਛੋਂ ਪਾਓ। ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਪਿੱਛੋਂ ਅਤੇ ਬਾਅਦ ਵਾਲੀਆਂ ਸਿੰਚਾਈਆਂ ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਿਕ 10-15 ਦਿਨ ਦੇ ਵਕਫੇ 'ਤੇ ਕਰੋ। ਕੁੱਲ 10-12 ਪਾਣੀਆਂ ਦੀ ਲੋੜ ਹੈ।

ਲਸਣ ਦੀ ਫਸਲ 'ਚ ਨਦੀਨਾਂ ਨੂੰ ਕਾਬੂ ਹੇਠ ਰੱਖਣ ਲਈ ਸਟੌਂਪ 30 ਈ ਸੀ ਇਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਅਤੇ ਇੱਕ ਗੋਡੀ ਜੋ ਕਿ ਬੀਜਣ ਤੋਂ 90-100 ਦਿਨਾਂ ਬਾਅਦ ਕਰਨੀ ਚਾਹੀਦੀ ਹੈ। ਸਟੌਂਪ ਦਾ ਛਿੜਕਾਅ ਬਿਜਾਈ ਤੋਂ ਇਕ ਦਿਨ ਦੇ ਅੰਦਰ ਕਰੋ। ਇਸ ਤੋਂ ਇਲਾਵਾ ਨਦੀਨਾਂ ਨੂੰ ਲੰਬੇ ਸਮੇਂ ਤੱਕ ਕਾਬੂ ਰੱਖਣ ਲਈ ਗੋਡੀ ਦੀ ਥਾਂ 'ਤੇ ਇਨ੍ਹਾਂ ਨਦੀਨ ਨਾਸ਼ਕਾਂ ਦੀ ਵਰਤੋਂ ਦੇ ਨਾਲ, ਝੋਨੇ ਦੀ ਪਰਾਲੀ 25 ਕੁਇੰਟਲ ਪ੍ਰਤੀ ਏਕੜ, ਲਸਣ ਉੱਗਣ ਤੋਂ ਬਾਅਦ ਫਸਲੀ 'ਚ ਵਿਛਾ ਦਿਓ।

**ਪੁਟਾਈ ਅਤੇ ਭੰਡਾਰ ਕਰਨਾ**

ਪੁਟਾਈ ਤੋਂ 15 ਦਿਨ ਪਹਿਲਾਂ ਫਸਲ ਦੀ ਸਿੰਚਾਈ ਬੰਦ ਕਰ ਦਿਓ, ਇਸ ਤਰ੍ਹਾਂ ਕਰਨ ਨਾਲ ਗੰਢੀਆਂ ਦਾ ਜ਼ਿਆਦਾ ਦੇਰ ਤੱਕ ਭੰਡਾਰਨ ਕੀਤਾ ਜਾ ਸਕਦਾ ਹੈ। ਪੁਟਾਈ ਤੋਂ ਪਿੱਛੋਂ ਲਸਣ ਨੂੰ 5-7 ਦਿਨਾਂ ਲਈ ਛਾਂਵੇ ਸੁੱਕੀ ਥਾਂ 'ਤੇ ਰੱਖੋ ਅਤੇ ਛੋਟੀਆਂ-ਛੋਟੀਆਂ ਗੁੱਟੀਆਂ 'ਚ ਬੰਨ੍ਹ ਦਿਓ। ਫਿਰ ਸੁੱਕੀ ਤੇ ਹਵਾਦਾਰ ਥਾਂ 'ਤੇ ਭੰਡਾਰ ਕਰੋ। ਬਰਸਾਤ ਦੇ ਮੌਸਮ ਵਿਚ ਸੁੱਕੀਆਂ ਅਤੇ ਗਲੀਆਂ ਹੋਈਆਂ ਗੰਢੀਆਂ ਨੂੰ ਕੱਢ ਦਿਓ।



# ਬੜਾ ਕੰਮ ਦਾ ਹੈ ਹਰਾ ਧਨੀਆ

ਡਾ. ਹਰਜਿੰਦਰ ਕੌਰ,
ਐਮ. ਡੀ. ਬੱਚਿਆਂ ਦੀ ਮਾਹਿਰ,
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ : 0175-2216783

ਹਰਾ ਧਨੀਆ ਫਾਈਬਰ ਭਰਪੂਰ ਹੋਣ ਕਾਰਨ ਪੇਟ ਸਾਫ ਕਰ ਦਿੰਦਾ ਹੈ ਅਤੇ ਅਫਾਰਾ ਨਹੀਂ ਹੋਣ ਦਿੰਦਾ ਕਿਉਂਕਿ ਪੇਟ ਦੀ ਗੈਸ ਵੀ ਨਾਲੋ-ਨਾਲ ਨਿਕਲਦੀ ਰਹਿੰਦੀ ਹੈ। ਇਸੇ ਲਈ ਜੀਅ ਕੱਚਾ ਨਹੀਂ ਹੁੰਦਾ ਤੇ ਰੋਟੀ ਵੀ ਛੇਤੀ ਹਜ਼ਮ ਕਰ ਦਿੰਦਾ ਹੈ। ਫਾਈਬਰ ਭਰਪੂਰ ਹੋਣ ਸਦਕਾ ਜਿੱਥੇ ਇਹ ਲਹੂ ਵਿਚਲੀ ਸ਼ੱਕਰ ਦੀ ਮਾਤਰਾ ਨੂੰ ਘਟਾਉਣ ਵਿਚ ਮਦਦ ਕਰਦਾ ਹੈ, ਉੱਥੇ ਹੀ ਧਨੀਆ ਦਿਲ ਦੇ ਰੋਗਾਂ ਦੇ ਮਰੀਜ਼ਾਂ ਲਈ ਵੀ ਵਰਦਾਨ ਹੈ ਕਿਉਂਕਿ ਇਹ ਐਲ. ਡੀ. ਐਲ-ਯਾਨੀ ਮਾੜਾ ਕੋਲੈਸਟਰੋਲ ਘਟਾ ਦਿੰਦਾ ਹੈ ਅਤੇ ਵਧੀਆ ਕੋਲੈਸਟਰੋਲ ਯਾਨੀ ਐਚ. ਡੀ. ਐਲ ਨੂੰ ਵਧਾ ਦਿੰਦਾ ਹੈ। ਸਿਰਫ ਇਹ ਹੀ ਨਹੀਂ, ਜਿਨ੍ਹਾਂ ਵਿਚ ਲਹੂ ਕਣਾ ਦੀ ਘਾਟ ਹੋਵੇ, ਉਨ੍ਹਾਂ ਲਈ ਧਨੀਏ ਵਿਚਲਾ ਆਇਰਨ ਲਹੂ ਦੀ ਕਮੀ ਘਟਾਉਣ ਵਿਚ ਵੀ ਵਧੀਆ ਰੋਲ ਅਦਾ ਕਰਦਾ ਹੈ। ਜਿੱਥੇ ਅੰਨ ਦੀ ਕਮੀ ਆਪਣਾ ਪੂਰਾ ਜ਼ੋਰ ਵਿਖਾ ਕੇ ਅੱਧੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲਈ ਬੈਠੀ ਹੋਵੇ, ਉੱਥੇ ਲਹੂ ਦੀ ਕਮੀ ਨਾਲ ਪੀੜਤ 80 ਫੀਸਦੀ ਤੋਂ ਵੱਧ ਲੋਕਾਂ ਲਈ ਇਹ ਇਕ ਕੁਦਰਤੀ ਸੌਗਾਤ ਹੀ ਮੰਨਣੀ ਚਾਹੀਦੀ ਹੈ। ਸੋ ਇਸਦਾ ਇਹ ਫਾਇਦਾ ਵੀ ਜ਼ਰੂਰ ਲੈਣਾ ਚਾਹੀਦਾ ਹੈ।

ਹਾਜ਼ਮਾ ਸਹੀ ਕਰਨ ਦੇ ਨਾਲ ਨਾਲ ਇਸ ਵਿਚਲਾ ਮੈਗਨੀਸ਼ੀਅਮ ਵੀ ਚੁੱਪ ਚੁਪੀਤੇ ਸਰੀਰ ਅੰਦਰ ਜਾ ਕੇ ਕਈ ਹਾਰਮੋਨਾਂ ਤੇ ਐਨਜ਼ਾਈਮਜ਼ ਦਾ ਕੰਮ ਕਾਰ ਸਹੀ ਕਰ ਦਿੰਦਾ ਹੈ। ਇਸ ਵਿਚਲੇ ਫਾਈਟੋਨਿਊਟਰੀਐਂਟ ਅਤੇ ਫਲੇਵੋਨਾਈਡ ਜੋ ਕੁਦਰਤ ਨੇ ਤੁੰਨ ਤੁੰਨ ਕੇ ਭਰੇ ਹਨ, ਅਸੀਂ ਲਗਭਗ ਮੁਫਤੋ ਮੁਫਤ ਖਾਈ ਜਾ ਰਹੇ ਹਾਂ ਤੇ ਇਸ ਦੀ ਅਹਿਮੀਅਤ ਨਹੀਂ ਸਮਝ ਰਹੇ ਕਿ ਕੁਦਰਤੀ ਚੀਜ਼ਾਂ ਕਿੰਨੀਆਂ ਫਾਇਦੇਮੰਦ ਹੁੰਦੀਆਂ ਹਨ। ਇਹੀ ਫਲੇਵੋਨਾਇਡ ਜਦੋਂ ਚਮੜੀ ਜਾਂ ਦਿਲ ਲਈ ਡਾਕਟਰ ਦੇ ਕਹੇ ਉੱਤੇ 40 ਰੁਪਏ ਰੋਜ਼ ਦਾ ਕੈਪਸੂਲ ਖਰੀਦ ਦੇ ਖਾਧਾ ਜਾਏ ਤਾਂ ਅਸੀਂ ਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦੇ ਹਾਂ ਕਿ ਖੌਰੇ ਕਿੰਨੀ ਅਨੋਖੀ ਚੀਜ਼ ਖਾਧੀ ਗਈ ਤੇ ਪਤਾ ਨਹੀਂ ਇਸਨੇ ਕੀ ਜਾਦੂ ਕਰ ਦੇਣਾ ਹੈ।

ਕਮਾਲ ਤਾਂ ਇਹ ਵੇਖੋ ਕਿ ਲਗਾਤਾਰ ਚੱਲ ਰਹੀਆਂ ਖੋਜਾਂ ਵੀ ਇਹ ਸਾਬਤ ਕਰ ਰਹੀਆਂ ਹਨ ਕਿ ਧਨੀਆਂ ਸਰੀਰ ਅੰਦਰ ਲੰਘ ਚੁੱਕੇ ਮਾੜੇ ਅੰਸ਼-ਹੈਵੀ ਮੈਟਲ ਜਿਵੇਂ ਲੈੱਡ (ਸਿੱਕਾ), ਆਰਸੈਨਿਕ, ਮਰਕਰੀ (ਪਾਰਾ) ਆਦਿ ਨਾਲ ਜੁੜ ਕੇ ਉਨ੍ਹਾਂ ਦੀ ਕੁੱਝ ਮਾਤਰਾ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਦਾ ਵੀ ਯਤਨ ਕਰਦਾ ਹੈ। ਇਹ ਹੀ ਨਹੀਂ ਬਲਕਿ ਸਾਲਮੋਨੈਲਾ ਕੀਟਾਣੂ, ਜੋ ਆਮ ਹੀ ਖਾਣੇ ਵਿਚ ਘੁਸ ਕੇ ਖਾਣਾ ਜ਼ਹਿਰੀਲਾ ਵੀ ਕਰਦੇ ਹਨ ਤੇ ਟਾਈਫਾਈਡ ਵਰਗਾ ਰੋਗ ਵੀ ਕਰਦੇ ਹਨ, ਨੂੰ ਕਾਬੂ ਕਰਨ ਵਿਚ ਵੀ ਧਨੀਆ ਥੋੜ੍ਹਾ ਬਹੁਤ ਰੋਲ ਅਦਾ ਕਰਦਾ ਹੈ। ਕੁਦਰਤ ਵਲੋਂ ਹੋਈ ਬਖਸ਼ਿਸ਼ ਸਦਕਾ ਧਨੀਆ ਆਪਣੇ ਇਕ ਹੋਰ ਗੁਣ ਵੀ ਸਮੋਈ ਬੈਠਾ ਹੈ। ਇਹ ਜੋੜਾਂ ਅੰਦਰਲੀ ਸੋਜ਼ਿਸ਼ ਘਟਾ ਕੇ ਥੋੜ੍ਹਾ ਬਹੁਤ ਆਰਥਰਾਈਟਿਸ ਦੇ ਮਰੀਜ਼ਾਂ ਨੂੰ ਵੀ ਫਾਇਦਾ ਪਹੁੰਚਾ ਦਿੰਦਾ ਹੈ। ਸਰੀਰ ਅੰਦਰੋਂ ਕੀਟਾਣੂਆਂ ਨੂੰ ਬਾਹਰ ਕੱਢਣ ਲਈ ਪਿਸ਼ਾਬ ਰਾਹੀਂ ਪੂਰਾ ਜ਼ੋਰ ਲਾਉਂਦਾ ਇਹ ਧਨੀਆ ਕਈ ਵਾਰ ਪਿਸ਼ਾਬ ਦੇ ਰਸਤੇ ਵਿਚ ਵੀ ਕੀਟਾਣੂਆਂ ਵਲੋਂ ਹਮਲਾ ਬੋਲਣ ਵਿਚ ਰੋਕ ਲਾਉਂਦਾ ਹੈ।

ਇਹ ਵੀ ਕੋਈ ਜ਼ਰੂਰੀ ਨਹੀਂ ਕਿ ਸਿਰਫ ਸਬਜ਼ੀਆਂ ਦਾਲਾਂ ਉੱਤੇ ਹੀ ਧੂੜਨਾ ਹੈ ਪਰੌਠੀ ਵਿਚ ਪਾ ਕੇ ਖਾਣਾ ਹੈ, ਆਪਣੇ ਜੀਭ ਦੇ ਸੁਆਦ ਨੂੰ ਰਵਾਂ ਰੱਖਣ ਲਈ ਅਦਰਕ, ਲਸਣ, ਹਰੀ ਮਿਰਚ ਤੇ ਮੂੰਗਫਲੀ ਦੇ ਦਾਣਿਆਂ ਵਿਚ ਤਾਜ਼ੇ ਧਨੀਏ ਦੇ ਪੱਤੇ ਰਲਾ ਕੇ ਮਿਕਸੀ ਵਿਚ ਘੋਟ ਲਵੋ। ਵੇਖੋ ਫਿਰ ਹਰੀ ਚਟਨੀ ਦਾ ਅਨੰਦ ਇਕ ਪਾਸੇ ਤੇ ਸਰੀਰ ਰੋਗ ਮੁਕਤ ਨਾਲੋ ਨਾਲ ਦੂਜੇ ਪਾਸੇ। ਫੇਰ ਹੁਣ ਕੀ ਉਡੀਕਦੇ ਹੋ ? ਅਜ਼ਮਾਉਣਾ ਸ਼ੁਰੂ ਕਰੋ ਤੇ ਰੇੜ੍ਹੀ ਵਾਲੇ ਤੋਂ ਸਬਜ਼ੀ ਦੇ ਨਾਲ ਧੰਨਵਾਦ ਸਹਿਤ ਧਨੀਏ ਦੀ ਗੁੱਛੀ ਲੈਣਾ ਨਾ ਭੁੱਲਿਓ। ਨਾਲ ਦੀ ਨਾਲ ਇਹ ਵੀ ਖਿਆਲ ਕਰਿਓ ਕਿ ਵਾਧੂ ਜਿਹੀਆਂ ਮੁਫਤ, ਸਜਾਵਟੀ ਲੱਗਣ ਵਾਲੀਆਂ, ਸਬਜ਼ੀਆਂ ਨਾਲ ਮਿਲ ਰਹੀਆਂ ਇਹ ਧਨੀਏ ਦੀਆਂ ਗੁੱਛੀਆਂ ਵਿਚ ਜੇ ਏਨੇ ਸਾਰੇ ਗੁਣਕਾਰੀ ਤੱਤ ਹਨ ਤਾਂ ਹੋਰ ਸਬਜ਼ੀਆਂ ਵਿਚ ਕੀ ਕਮਾਲ ਭਰਿਆ ਹੋਇਆ। ਇਸੇ ਲਈ ਸਬਜ਼ੀਆਂ ਨੂੰ ਰੋਜ਼ਾਨਾ ਦੀ ਖ਼ੁਰਾਕ ਦਾ ਜ਼ਰੂਰੀ ਅੰਸ਼ ਬਣਾਉਣ ਦੀ ਲੋੜ ਹੈ। ਖਾਸ ਕਰ ਬੱਚਿਆਂ ਲਈ ਜੋ ਫਾਸਟ ਫੂਡਜ਼ ਵੱਲ ਰੁੱਝੇ ਸਬਜ਼ੀਆਂ ਖਾਣ ਤੋਂ ਉੱਕਾ ਹੀ ਇਨਕਾਰੀ ਹੋਏ ਪਏ ਹਨ। ਜੇ ਬੱਚੇ ਇਸ ਕੁਦਰਤੀ ਸੌਗਾਤ ਨੂੰ ਬਿਲਕੁਲ ਵੀ ਮੂੰਹ ਨਾ ਲਾ ਰਹੇ ਹੋਣ ਤਾਂ ਆਟੇ ਵਿਚ ਸਬਜ਼ੀਆਂ ਗੁੰਨ੍ਹ ਕੇ ਮਿੱਸਾ ਪਰਾਂਠਾ ਹੀ ਬਣਾ ਦੇਣ ਨਾਲ ਕੁਝ ਫਾਇਦਾ ਤਾਂ ਜ਼ਰੂਰ ਲਿਆ ਹੀ ਜਾ ਸਕਦਾ ਹੈ।

# ਆਓ ! ਸ਼ਹਿਦ ਮੱਖੀ ਕਟੁੰਬਾਂ ਦੀ ਕਰੀਏ ਸਵਾਰਮ ਤੋਂ ਰੋਕਥਾਮ

**ਸਵਾਰਮ ਕੀ ਹੈ ?**

ਸਵਾਰਮਿੰਗ, ਸ਼ਹਿਦ ਮੱਖੀ ਕਟੁੰਬਾਂ ਵਿਚ ਕੁਦਰਤੀ ਤੌਰ ਤੇ ਪਾਈ ਜਾਣ ਵਾਲੀ ਕਟੁੰਬਾਂ ਦੀ ਗਿਣਤੀ ਵਿੱਚ ਵਧੇ ਦੀ ਤਾਂਘ ਅਤੇ ਅਸਰ ਦਾ ਪ੍ਰਤੀਕ ਹੈ। ਸਵਾਰਮ ਦੌਰਾਨ ਪੁਰਾਣੀ ਰਾਣੀ ਮੱਖੀ ਆਪਣੇ ਨਾਲ ਕਟੁੰਬ ਦੀਆਂ ਲਗਭਗ ਅੱਧੀਆਂ ਕੁ ਕਾਮਾ ਮੱਖੀਆਂ ਲੈ ਕੇ ਉੱਡ ਜਾਂਦੀ ਹੈ। ਇਸ ਤਰ੍ਹਾਂ ਪੁਰਾਣੇ ਕਟੁੰਬ ਵਿਚ ਪਿੱਛੇ ਲਗਭਗ ਅੱਧੀਆਂ ਮੱਖੀਆਂ ਅਤੇ ਕੁਝ ਰਾਣੀ ਸੈੱਲ ਰਹਿ ਜਾਂਦੇ ਹਨ।

**ਸਵਾਰਮ ਹੋਣ ਦੇ ਨੁਕਸਾਨ :** ਕਟੁੰਬ ਦੀ ਬਲਤਾ ਘਟਣਾ ਆਪਣੇ ਆਪ ਵਿਚ ਬਹੁਤ ਵੱਡਾ ਨੁਕਸਾਨ ਹੈ, ਕਿਉਂਕਿ ਇਸ ਨਾਲ ਬੀਕੀਪਰ ਦਾ ਸਿੱਧੇ ਤੌਰ 'ਤੇ ਮੱਖੀਆਂ ਦਾ ਹੀ ਨੁਕਸਾਨ ਨਹੀਂ ਹੁੰਦਾ, ਸਗੋਂ ਇਨ੍ਹਾਂ ਕਟੁੰਬ ਦੀ ਉਤਪਾਦਕਤਾ ਵਿਚ ਵੀ ਚੋਖੀ ਕਮੀ ਆ ਜਾਂਦੀ ਹੈ, ਅਤੇ ਇਹ ਕਮਜ਼ੋਰ ਕਟੁੰਬ ਕਿਸਾਨਾਂ ਲਈ ਪਰਪਰਾਗਣ ਸੇਵਾ ਵਾਸਤੇ ਵੀ ਜ਼ਿਆਦਾ ਲਾਹੇਵੰਦ ਨਹੀਂ ਹੁੰਦੇ। ਪੁਰਾਣੇ ਕਟੁੰਬ ਵਿਚ ਬਣੇ ਸੈੱਲਾਂ ਵਿੱਚੋਂ ਨਵੀਂ ਰਾਣੀ ਮੱਖੀ ਨਿੱਕਲ ਵੀ ਸਕਦੀ ਹੈ ਤੇ ਨਹੀਂ ਵੀ। ਰਾਣੀ ਨਾ ਨਿਕਲਣ ਦੀ ਸੂਰਤ ਵਿਚ ਇਹ ਕਟੁੰਬ ਲੇਇੰਗ-ਵਰਕਰ ਬਣ ਜਾਵੇਗਾ ਅਤੇ ਖਤਮ ਹੋ ਜਾਵੇਗਾ। ਪਰ ਜੇ ਰਾਣੀ ਨਿਕਲ ਵੀ ਆਵੇ, ਹੋ ਸਕਦਾ ਹੈ ਕਿ ਮੌਸਮੀ ਹਾਲਾਤਾਂ ਕਰਕੇ ਇਹ ਰਾਣੀ ਮੇਟਿੰਗ ਲਈ ਨਾ ਜਾ ਸਕੇ ਅਤੇ ਕਾਮਾ ਮੱਖੀਆਂ ਇਸ ਨੂੰ ਮਾਰ ਦੇਣ ਜਾਂ ਇਹ ਅਣ-ਮੇਟਿਡ ਰਾਣੀ ਡਰੋਨ ਅੰਡੇ (ਅਣ-ਨਿਸ਼ੇਚਿਤ) ਦੇਣੇ ਸ਼ੁਰੂ ਕਰ ਦੇਵੇ ਤੇ ਇਹ ਕਟੁੰਬ ਹੌਲੀ-ਹੌਲੀ ਖਤਮ ਹੋ ਜਾਵੇ। ਨਵੀਂ ਨਿਕਲੀ ਰਾਣੀ ਮੱਖੀ ਮੇਟਿੰਗ ਉਡਾਰੀ ਤੇ ਜਾਣ ਤੋਂ ਬਾਅਦ ਵੀ ਜੇਕਰ ਕਿਸੇ ਕਾਰਨ ਗਰਭਤ ਨਾ ਹੋਵੇ ਜਾਂ ਦੁਸ਼ਮਣ ਜੀਅ/ਮੀਂਹ-ਝੱਖੜ ਕਰਕੇ ਵਾਪਸ ਨਾ ਆ ਸਕੇ ਤਾਂ ਇਹ ਰਾਣੀ-ਰਹਿਤ ਕਟੁੰਬ ਲੇਇੰਗ-ਵਰਕਰ ਹੋ ਕੇ ਖਤਮ ਹੋ ਜਾਵੇਗਾ।

**ਸਵਾਰਮਿੰਗ ਲਈ ਕੁਦਰਤੀ ਹਾਲਾਤ :** ਖੇਤਾਂ ਵਿੱਚੋਂ ਪਰਾਗ ਦੀ ਤੇਜ਼ੀ ਨਾਲ ਆਮਦ ਅਤੇ ਕਟੁੰਬਾਂ ਵਿਚ ਪਰਾਗ ਦੀ ਬਹੁਤਾਤ ; ਬਰੂਡ ਦੀ ਬਹੁਤਾਤ, ਖਾਸ ਕਰਕੇ ਡਰੋਨ ਬਰੂਡ ਦੀ ਬਹੁਤਾਤ ਅਤੇ ਜਵਾਨ ਡਰੋਨ ਮੱਖੀਆਂ ਦੀ ਵਧਦੀ ਆਬਾਦੀ, ਕਟੁੰਬਾਂ ਵਿਚ ਸਵਾਰਮ ਕਰਣ ਦੀ ਤਾਂਘ ਪੈਦਾ ਕਰਦੇ ਹਨ।



**ਸਵਾਰਮਿੰਗ ਤਾਂਘ ਲਈ ਗੈਰ-ਪ੍ਰਬੰਧਕ ਹਾਲਾਤ :** ਵਧਦੀ ਆਬਾਦੀ ਦੇ ਅਨੁਕੂਲ ਅੰਦਰ ਜਗ੍ਹਾ ਨਾ ਹੋਣਾ, ਅੰਡੇ ਦੇਣ ਲਈ ਅਤੇ ਨੈਕਟਰ ਸਟੋਰ ਕਰਨ ਲਈ ਹਾਈਵ ਅੰਦਰ ਲੋੜੀਂਦੀ ਜਗ੍ਹਾ ਨਾ ਹੋਣਾ, ਅਤੇ ਸਭ ਤੋਂ ਵੱਧ ਸਮੇਂ ਰਹਿੰਦਿਆਂ ਲੋੜੀਂਦੀ ਜਗ੍ਹਾ ਦੇਣ ਦਾ ਪ੍ਰਬੰਧ ਨਾ ਕਰਨਾ ਜਿਸ ਨਾਲ ਪ੍ਰਤੀ ਛੱਤਾ ਮੱਖੀਆਂ ਦੀ ਘਣਤਾ ਬਹੁਤ ਵੱਧ ਜਾਣਾ ਅਤੇ ਇਸ ਤਰ੍ਹਾਂ ਅੰਦਰ ਭੀੜ ਹੋਣਾ, ਜਿਹੇ ਕਾਰਨ ਸਵਾਰਮਿੰਗ ਤਾਂਘ ਨੂੰ ਬਹੁਤ ਵਧਾ ਦਿੰਦੇ ਹਨ।

**ਸਵਾਰਮਿੰਗ ਸਮਾਂ :** ਪੰਜਾਬ ਦੇ ਹਾਲਾਤਾਂ ਵਿਚ ਸਵਾਰਮਿੰਗ ਆਮ ਕਰਕੇ ਮੱਧ-ਫਰਵਰੀ ਤੋਂ ਮੱਧ-ਅਪਰੈਲ ਵਿਚ ਹੁੰਦੀ ਹੈ, ਪਰ ਕਈ ਵਾਰ ਬੇਰੀ ਦੇ ਬੂਰ ਦੇ ਮੌਸਮ ਦੌਰਾਨ (ਮੱਧ-ਸਤੰਬਰ ਤੋਂ ਮੱਧ-ਅਕਤੂਬਰ) ਵੀ ਸਵਾਰਮਿੰਗ ਵੇਖੀ ਗਈ ਹੈ। ਜਿਹੜੇ ਬੀਕੀਪਰ ਹਿਜ਼ਰਤ ਕਰਦੇ ਹਨ, ਰਾਜਸਥਾਨ ਵਿਚ ਸਰ੍ਹੋਂ/ ਰਾਇਆ ਅਤੇ ਧਨੀਏ ਤੇ ਵੀ ਸਵਾਰਮਿੰਗ ਹੋ ਜਾਂਦੀ ਹੈ।

**ਬਚਾਓ ਪ੍ਰਬੰਧ :**

**ਕਟੁੰਬ ਵਿਚ ਸਮੇਂ ਸਿਰ ਲੋੜੀਂਦੀ ਜਗ੍ਹਾ ਦੇਣੀ :** ਸ਼ਹਿਦ ਮੱਖੀਆਂ ਦੇ ਹਾਈਵ ਵਿਚ ਸਵਾਰਮਿੰਗ ਸਮੇਂ/ਹਾਲਾਤਾਂ ਦੌਰਾਨ ਮੱਖੀਆਂ ਦੀ ਭੀੜ ਨੂੰ ਘਟਾਉਣ ਲਈ ਲੋੜ ਮੁਤਾਬਿਕ ਹੋਰ ਬਣੇ-ਬਣਾਏ ਛੱਤੇ ਜਾਂ ਮੋਮ ਦੀਆਂ ਬੁਨਿਆਦੀ ਸ਼ੀਟਾਂ ਵਾਲੇ ਫਰੇਮ ਦਿੰਦੇ ਰਹੋ। ਨਵੀਂ ਫਰੇਮ ਪਹਿਲੇ ਬਰੂਡ ਵਾਲੇ ਛੱਤਿਆਂ ਦੇ ਵਿਚਕਾਰ ਹੀ ਪਾਓ। ਜੇਕਰ ਬਰੂਡ ਚੈਂਬਰ ਵਿੱਚ ਮੱਖੀਆਂ ਦੇ ਸਾਰੇ ਛੱਤੇ ਪੂਰੇ ਭਰੇ ਹੋਣ ਤਾਂ ਵਾਧੂ ਜਗ੍ਹਾ ਦੇਣ ਲਈ ਚੈਂਬਰ (ਸੁਪਰ ਚੈਂਬਰ) ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਰਾਣੀ ਮੱਖੀ ਦੇ ਸੈੱਲ ਤੋੜਨਾ :** ਸਵਾਰਮ ਦੇਣ ਵਾਲੇ ਸ਼ੱਕੀ ਕਟੁੰਬਾਂ ਦਾ ਥੋੜ੍ਹੇ-ਥੋੜ੍ਹੇ ਦਿਨਾਂ ਬਾਅਦ ਨਿਰੀਖਣ ਕਰਦੇ ਰਹੋ। ਜੇਕਰ ਚੰਗੀ ਰਾਣੀ ਦੇ ਹੁੰਦੇ ਹੋਏ ਵੀ ਕਟੁੰਬ ਰਾਣੀ ਸੈੱਲ ਬਣਾ ਲਵੇ ਤਾਂ ਉਨ੍ਹਾਂ ਰਾਣੀ ਸੈੱਲਾਂ ਨੂੰ ਤੋੜ ਦੇਣਾ ਚਾਹੀਦਾ ਹੈ।

**ਰਾਣੀ ਮੱਖੀ ਦੇ ਖੰਭ ਕੱਟਣੇ :** ਜੇਕਰ ਰਾਣੀ ਮੱਖੀ ਦੇ ਅਗਲੇ ਖੰਭਾਂ ਵਿੱਚੋਂ ਸਿਰਫ ਇਕ ਪਾਸੇ ਦਾ (ਖੱਬਾ ਜਾਂ ਸੱਜਾ)ਖੰਭ ਲੰਬਾਈ ਰੁੱਖੋਂ ਤਕਰੀਬਨ 1/3 ਹਿੱਸੇ ਤੋਂ ਲੈ ਕੇ 1/2 ਹਿੱਸਾ ਕੱਟ ਦਿੱਤਾ ਜਾਵੇ ਤਾਂ ਰਾਣੀ ਆਪਣਾ ਭਾਰ ਸਮਤੋਲ ਨਹੀਂ ਰੱਖ ਸਕੇਗੀ ਅਤੇ ਉਸ ਦੀ ਉੱਡਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਵੇਗੀ।

**ਰਾਣੀ ਗਾਰਡ ਦੀ ਵਰਤੋਂ :** ਕਟੁੰਬ ਦੇ ਗੇਟ ਤੇ ਰਾਣੀ ਗਾਰਡ ਦੀ ਵਰਤੋਂ ਕਰਕੇ ਰਾਣੀ ਨੂੰ ਹਾਈਵ ਅੰਦਰ ਡੱਕ ਕੇ ਕਟੁੰਬ ਨੂੰ ਸਵਾਰਮ ਦੇਣ ਤੋਂ ਰੋਕਿਆ ਜਾ ਸਕਦਾ ਹੈ।

**ਕਟੁੰਬ ਨੂੰ ਵੰਡ ਦੇਣਾ :** ਕਈ ਕਟੁੰਬਾਂ ਵਿਚ ਸਵਾਰਮ ਦੀ ਤਾਂਘ ਬਹੁਤ ਜ਼ਿਆਦਾ ਹੋਣ ਕਰਕੇ ਉਪਰੋਕਤ ਉਪਰਾਲਿਆਂ ਦੇ ਬਾਵਜੂਦ ਕਟੁੰਬ ਰਾਣੀ ਸੈੱਲ ਬਣਾਈ ਜਾਂਦੇ ਹਨ ਅਤੇ ਇਨ੍ਹਾਂ ਵਿਚ ਖੁਰਾਕ ਲਈ ਉਡਾਰੀ ਦੀ ਤਾਂਘ ਘੱਟ ਜਾਂਦੀ ਹੈ ਜਿਸ ਨਾਲ ਇਹਨਾਂ ਦੀ ਸ਼ਹਿਦ ਉਤਪਾਦਕਤਾ ਘੱਟ ਜਾਂਦੀ ਹੈ। ਅਜਿਹੇ ਕਟੁੰਬਾਂ ਅਤੇ ਜ਼ਿਆਦਾ ਬਲਤਾ ਵਾਲੇ ਕਟੁੰਬ ਜੋ ਸਵਾਰਮ ਦੇਣ ਦੀਆਂ ਤਿਆਰੀਆਂ ਵਿਚ ਹੋਣ, ਨੂੰ ਵੰਡਣ ਨਾਲ ਸਵਾਰਮ ਤਾਂਘ ਨੂੰ ਰੋਕਿਆ ਜਾ ਸਕਦਾ ਹੈ। ਵੰਡੇ ਹੋਏ ਕਟੁੰਬਾਂ ਨੂੰ ਸ਼ਹਿਦ ਦੀ ਆਮਦ ਤੋਂ ਕੁਝ ਚਿਰ ਪਹਿਲਾਂ ਆਪਸ ਵਿਚ ਮਿਲਾਇਆ ਜਾ ਸਕਦਾ ਹੈ ; ਇਨ੍ਹਾਂ ਕਟੁੰਬਾਂ ਨੂੰ ਮਿਲਾਉਣ ਸਮੇਂ ਪੁਰਾਣੀ ਰਾਣੀ ਮੱਖੀ ਨੂੰ ਮਾਰ ਦੇਣਾ ਚਾਹੀਦਾ ਹੈ।

**ਚੋਣਵੇਂ ਬਰੀਡਿੰਗ ਕਟੁੰਬਾਂ ਦੀ ਵਰਤੋਂ :** ਕਟੁੰਬਾਂ ਦਾ ਸਟਾਕ ਵਧਾਉਣ ਲਈ ਅਤੇ ਪੁਰਾਣੀਆਂ ਰਾਣੀਆਂ ਬਦਲਣ ਲਈ ਸਮਕਾਲੀ ਵਧੇਰੇ ਰਾਣੀਆਂ ਤਿਆਰ ਕਰਨ ਵਾਸਤੇ ਕਟੁੰਬਾਂ ਦੀ ਚੋਣ ਸਮੇਂ ਸਵਾਰਮ ਦੇਣ ਵਾਲੇ ਕਟੁੰਬਾਂ ਨੂੰ ਬਰੀਡਰ ਕਟੁੰਬਾਂ ਵਜੋਂ ਨਾ ਰੱਖੋ।

**ਜੇ ਸਵਾਰਮ ਉੱਡੇ ਤਾਂ ਉਸ ਨੂੰ ਫੜ ਕੇ ਮੁੜ ਵਸੇਬਾ ਕਰਵਾਓ** ਜੇ ਕਰ ਕਟੁੰਬ ਸਵਾਰਮ ਉੱਡ ਜਾਵੇ ਤਾਂ ਉਸ ਸਵਾਰਮ ਨੂੰ ਫੜੋ। ਹਵਾ ਵਿਚ ਉੱਡ ਰਹੇ ਸਵਾਰਮ ਉੱਪਰ ਕਿਸੇ ਡੱਬੇ, ਆਦਿ ਨਾਲ ਪਾਣੀ ਛਿੜਕਾਓ। ਪਰ ਇਸ ਲਈ ਕੀਟ ਨਾਸ਼ਕ ਛਿੜਕਾਅ ਲਈ ਵਰਤੇ ਪੰਪ ਨੂੰ ਛਿੜਕਾਅ ਲਈ ਨਹੀਂ ਵਰਤਣਾ। ਪਾਣੀ ਨਾਲ ਕਾਮਾ ਮੱਖੀਆਂ ਦੇ ਖੰਭ ਗਿੱਲੇ ਹੋਣ ਨਾਲ ਮੱਖੀਆਂ ਨੇੜੇ ਹੀ ਕਿਸੇ ਨੀਵੀਂ ਥਾਂ ਤੇ ਬੈਠ ਜਾਣਗੀਆਂ। ਬੈਠੀਆਂ ਮੱਖੀਆਂ ਨੂੰ ਫੜਨ ਲਈ ਟੋਕਰੀ (ਸਵਾਰਮ-ਕੈਚਰ), ਛੋਟਾ ਬਕਸਾ ਜਾਂ ਜਾਲੀ (ਬੀ-ਵੇਲ) ਵਰਤੇ ਜਾ ਸਕਦੇ ਹਨ। ਟੋਕਰੀ, ਆਦਿ ਬੈਠੀਆਂ ਮੱਖੀਆਂ ਉੱਪਰ ਲਗਾ ਦਿਓ। ਮੱਖੀਆਂ ਹੌਲੀ-ਹੌਲੀ ਟੋਕਰੀ ਵਿਚ ਚੜ੍ਹ ਜਾਣਗੀਆਂ। ਹੱਥ ਨਾਲ ਵੀ ਹੌਲੀ-ਹੌਲੀ ਮੱਖੀਆਂ ਨੂੰ ਟੋਕਰੀ ਵਿਚ ਕੀਤਾ ਜਾ ਸਕਦਾ ਹੈ ਕਿਉਂਕਿ ਸਵਾਰਮ ਵਾਲੀਆਂ ਮੱਖੀਆਂ ਦੀ ਡੰਗ ਮਾਰਨ ਦੀ ਖਿੱਚ ਘੱਟ ਹੁੰਦੀ ਹੈ। ਰਾਣੀ ਸਮੇਤ ਇਨ੍ਹਾਂ ਨੂੰ ਸ਼ਾਮ ਤੱਕ ਕਿਸੇ ਠੰਢੀ ਥਾਂ ਤੇ ਰੱਖ ਦਿਓ। ਫੜੀਆਂ ਹੋਈਆਂ ਮੱਖੀਆਂ, ਹਨੇਰਾ ਹੋਣ ਤੋਂ ਥੋੜ੍ਹਾ ਪਹਿਲਾਂ ਇਕ ਹਾਈਵ ਵਿਚ ਜਿਸ ਵਿਚ ਬਣੇ-ਬਣਾਏ ਛੱਤੇ ਵਾਲੀਆਂ ਤਿੰਨ ਫਰੇਮਾਂ ਹੋਣ, ਪਾ ਦਿਓ। ਇਨ੍ਹਾਂ ਤਿੰਨਾਂ ਛੱਤਿਆਂ ਵਿੱਚੋਂ ਵਿਚਕਾਰਲਾ ਛੱਤਾ ਬਰੂਡ ਦਾ (ਜਿਹੜਾ ਕਿ ਕਿਸੇ ਦੂਸਰੇ ਛੱਤੇ ਤੋਂ ਮੱਖੀਆਂ ਝਾੜ ਕੇ ਲਿਆਂਦਾ ਹੋਵੇ) ਅਤੇ ਪਾਸਿਆਂ ਵਾਲੇ ਛੱਤੇ ਸ਼ਹਿਦ ਜਾਂ ਖੰਡ ਦੇ ਘੋਲ ਨਾਲ ਭਰੇ ਹੋਣ। ਇਸ ਤਰ੍ਹਾਂ ਫੜੇ ਸਵਾਰਮ ਨੂੰ ਕਿਸੇ ਵੀ ਢੁੱਕਵੀਂ ਜਗ੍ਹਾ ਤੇ ਰੱਖ ਸਕਦੇ ਹੋ। ਜਿੰਨੀ ਦੇਰ ਰਾਣੀ ਮੱਖੀ ਅੰਡੇ ਨਾ ਦੇਣ ਲੱਗ ਜਾਵੇ ਜਾਂ ਮੱਖੀਆਂ ਛੱਤਾ ਬਨਾਉਣਾ ਸ਼ੁਰੂ ਨਾ ਕਰ ਦੇਣ, ਇਸ ਹਾਈਵ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ। ਸਵਾਰਮ ਫੜਨ ਉਪਰੰਤ ਇਸ ਨੂੰ ਇਸ ਦੇ ਮਾਂ ਕਟੁੰਬ ਨਾਲ ਵੀ ਮਿਲਾ ਸਕਦੇ ਹੋ।

ਪਰਦੀਪ ਕੁਮਾਰ ਛੁਨੇਜਾ
ਸੰਪਰਕ : 9888885556

# ਨਿੰਬੂ ਜਾਤੀ ਦੇ ਬੂਟਿਆਂ ਦੀ ਦੇਖਭਾਲ ਅਤੇ ਕੇਰੇ ਤੋਂ ਰੋਕਥਾਮ



ਇਸ ਫਲ ਨੂੰ ਜੇ ਅਸੀਂ ਕੱਟ ਕੇ ਵੇਖੀਏ ਤਾਂ ਇਸ ਵਿੱਚੋਂ ਇਹ ਗਲਿਆਂ ਹੋਇਆ ਅਤੇ ਕਾਲੇ ਰੰਗ ਦਾ ਹੁੰਦਾ ਹੈ। ਕਈ ਵਾਰੀ ਗਲੇ ਹੋਏ ਫਲਾਂ 'ਤੇ ਚਿੱਟੇ ਰੰਗ ਦੀ ਉੱਲੀ ਦਿਖਾਈ ਦੇਣ ਲੱਗ ਪੈਂਦੀ ਹੈ। ਇਹ ਫਲ ਸੁੰਘਣ 'ਤੇ ਗਲੀ ਸੜੀ ਚੀਜ਼ ਵਾਂਗ ਬਦਬੂ ਮਾਰਦੇ ਹਨ। ਬਿਮਾਰੀ ਨਾਲ ਪੈਣ ਵਾਲਾ ਕੇਰਾ ਬੂਟਿਆਂ ਨੂੰ ਫਲ ਲੱਗਣ ਤੋਂ ਬਾਅਦ 5-6 ਮਹੀਨਿਆਂ ਮਗਰੋਂ ਸ਼ੁਰੂ ਹੁੰਦਾ ਹੈ। ਇਹ ਕੇਰਾ ਜੁਲਾਈ ਤੋਂ ਜ਼ਿਆਦਾ ਕੇਰਾ ਸਿਤੰਬਰ-ਅਕਤੂਬਰ ਮਹੀਨੇ ਹੁੰਦਾ ਹੈ ਅਤੇ ਬਾਅਦ ਵਿੱਚ ਮੌਸਮ ਠੰਢਾ ਹੋਣ ਨਾਲ ਕੁਝ ਘੱਟ ਜਾਂਦੀ ਹੈ ਅਤੇ ਫਲਾਂ ਦੀ ਤੁੜਾਈ ਤੱਕ ਚਲਦੀ ਰਹਿੰਦੀ ਹੈ। ਅਸਲ ਵਿੱਚ ਬਿਮਾਰੀ ਵਾਲੀ ਕੇਰ ਦੀ ਸ਼ੁਰੂਆਤ ਮੌਸਮ ਵਿੱਚ ਗਰਮਾਇਸ਼ ਆਉਣ ਦੇ ਨਾਲ ਮਾਰਚ ਵਿੱਚ ਹੀ ਹੋ ਜਾਂਦੀ ਹੈ, ਬਾਅਦ ਵਿੱਚ ਅਪਰੈਲ ਤੋਂ ਜੂਨ ਦੀ ਗਰਮੀ ਕਾਰਨ ਇਸ ਬਿਮਾਰੀ ਦਾ ਵਾਧਾ ਰੁਕ ਜਾਂਦਾ ਹੈ।

ਨਿੰਬੂ ਜਾਤੀ ਦੇ ਬੂਟਿਆਂ 'ਤੇ ਔਸਤਨ 2.0-2.5 ਲੱਖ ਫੁੱਲ ਲੱਗਦੇ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਪ੍ਰਤੀਸ਼ਤ ਫੁੱਲ ਹੀ ਫਲ ਬਣਨ ਤੱਕ ਪਹੁੰਚਦੇ ਹਨ ਅਤੇ ਇਸ ਤੋਂ ਬਾਅਦ ਤਿਆਰ ਫਲਾਂ ਤੱਕ ਅਪੜਦੇ ਹਨ। ਬਾਕੀ ਸਾਰੇ ਫੁੱਲ ਅਤੇ ਫਲ ਡਿੱਗ ਪੈਂਦੇ ਹਨ। ਫਲਾਂ ਦਾ ਕੇਰਾ ਅਲੱਗ-ਅਲੱਗ ਅਵਸਥਾਵਾਂ ਵਿੱਚ ਹੁੰਦਾ ਹੈ। ਨਿੰਬੂ ਜਾਤੀ ਦੇ ਬੂਟਿਆਂ ਵਿੱਚ ਫਲਾਂ ਦੀ ਕੇਰ ਇੱਕ ਮੁੱਖ ਸਮੱਸਿਆ ਹੈ। ਕਿੰਨੂ ਵਿੱਚ ਇਹ ਸਮੱਸਿਆ ਬਹੁਤ ਗੰਭੀਰ ਹੁੰਦੀ ਹੈ, ਕਿਉਂਕਿ ਕਿੰਨੂ ਬਹੁਤ ਜ਼ਿਆਦਾ ਫਲ ਦੇਣ ਵਾਲਾ ਫਲਦਾਰ ਬੂਟਾ ਹੈ, ਇਸ ਲਈ ਇਸ 'ਤੇ ਲੱਗੇ ਲੱਖਾਂ ਫੁੱਲਾਂ ਵਿੱਚੋਂ ਹਜ਼ਾਰਾਂ ਫਲ ਬਣਦੇ ਹਨ ਅਤੇ ਇਹ ਸਾਰੇ ਫਲ ਸਿਰੇ ਨਹੀਂ ਚੜ੍ਹ ਸਕਦੇ। ਫਲ ਲੱਗਣ ਤੋਂ ਬਾਅਦ ਸਮੇਂ-ਸਮੇਂ 'ਤੇ ਡਿੱਗਦੇ ਰਹਿੰਦੇ ਹਨ। ਫਲ ਬਣਨ ਸਾਰੇ ਅਪਰੈਲ ਮਹੀਨੇ ਛੋਟੇ ਆਕਰ ਦੇ ਫਲ ਡਿੱਗਦੇ ਹਨ, ਜੋ ਆਮ ਕਰਕੇ ਕੁਦਰਤੀ ਕੇਰ ਸਮਝੀ ਜਾਂਦੀ ਹੈ ਅਤੇ ਇਸ ਕੇਰੇ ਨਾਲ ਪੌਦਾ ਆਪਣੀ ਸਮਰੱਥਾ ਨਾਲੋਂ ਵੱਧ ਬੋਝ ਹਲਕਾ ਕਰਦਾ ਹੈ। ਸੋ, ਇਸ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ, ਪਰ ਦੇਖਿਆ ਗਿਆ ਹੈ ਕਿ ਕੁਦਰਤੀ ਕੇਰ ਦੀ ਅਵਸਥਾ ਲੰਘਣ ਤੋਂ ਬਾਅਦ ਵੀ ਬਹੁਤ ਸਾਰੇ ਬਾਗਾਂ ਵਿੱਚ ਫਲ ਲਗਾਤਾਰ ਡਿੱਗਦੇ ਰਹਿੰਦੇ ਹਨ, ਜੋ ਕੁਦਰਤੀ ਨਹੀਂ ਹੁੰਦਾ, ਸਗੋਂ ਕਿਸੇ ਨਾ ਕਿਸੇ ਜ਼ਰੂਰੀ ਤੱਤ ਦੀ ਘਾਟ, ਹਾਰਮੋਨਾਂ ਦਾ ਅਸੰਤੁਲਨ, ਪਾਣੀ ਦੀ ਵਾਧ-ਘਾਟ, ਬਿਮਾਰੀਆਂ ਜਾਂ ਕੀੜੇ-ਮਕੌੜਿਆਂ ਕਾਰਨ ਹੁੰਦਾ ਹੈ। ਵੱਖ-ਵੱਖ ਥਾਂਵਾਂ 'ਤੇ ਕੀਤੇ ਤਜਰਬਿਆਂ ਤੋਂ ਇਹ ਨਿਚੋੜ ਕੱਢਿਆ ਗਿਆ ਹੈ ਕਿ ਪੰਜਾਬ ਦੇ ਦੱਖਣ-ਪੱਛਮੀ ਖਿੱਤੇ ਵਿੱਚ ਕਿੰਨੂ ਦੇ ਫਲ ਡਿੱਗਣ ਦੇ ਸਭ ਤੋਂ ਵੱਡਾ ਕਾਰਨ ਹਾਰਮੋਨਾਂ ਦਾ ਅਸੰਤੁਲਨ ਅਤੇ ਬਿਮਾਰੀ ਦਾ ਹਮਲਾ ਹੈ। ਪਰ ਪੰਜਾਬ ਦੀ ਹੁਸ਼ਿਆਰਪੁਰ ਬੈਲਟ ਵਿੱਚ ਫਲ ਦੀ ਮੱਖੀ ਦੇ ਹਮਲੇ ਨਾਲ ਵੀ ਕਾਫੀ ਕੇਰ ਪੈ ਜਾਂਦੀ ਹੈ। ਇਨ੍ਹਾਂ ਕਾਰਨਾਂ ਤੋਂ ਇਲਾਵਾ ਫਲਾਂ ਦੇ ਕੇਰੇ ਦੇ ਹੋਰ ਕਾਰਨ ਜਿਵੇਂ ਕਿ ਪ੍ਰਤੀਕੂਲ ਮੌਸਮ, ਬਾਗਾਂ ਦੀ ਸਹੀ ਤਰੀਕੇ ਨਾਲ ਰੱਖ-ਰਖਾਅ ਦੀ ਘਾਟ ਆਦਿ।

ਹਾਰਮੋਨਾਂ ਦੀ ਵਾਧ-ਘਾਟ ਨਾਲ ਫਲਾਂ ਦਾ ਡਿੱਗਣਾ (ਫਿਜ਼ਿਅਲੋਜੀਕਲ ਡਰਾਪ) ਮਈ-ਜੂਨ ਅਤੇ ਫਿਰ ਸਤੰਬਰ-ਅਕਤੂਬਰ ਵਿੱਚ ਜ਼ਿਆਦਾ ਹੁੰਦਾ ਹੈ। ਇਹ ਬੂਟਿਆਂ ਵਿੱਚ ਬਣਨ ਵਾਲੇ ਤੱਤ ਬਹੁਤ ਹੀ ਥੋੜ੍ਹੀ ਮਾਤਰਾ ਵਿੱਚ ਪੌਦੇ ਨੂੰ ਚਾਹੀਦੇ ਹਨ ਅਤੇ ਇਨ੍ਹਾਂ ਦੀ ਘਾਟ ਨੂੰ ਪੂਰਾ ਕਰਨ ਲਈ, ਜੇ ਅਸੀਂ ਇਨ੍ਹਾਂ ਦੇ ਛਿੜਕਾਅ ਨੂੰ ਸਹੀ ਸਮੇਂ ਕਰੀਏ ਤਾਂ ਇਸ ਕੇਰੇ ਨੂੰ ਕਾਫੀ ਹੱਦ ਤੱਕ ਰੋਕ ਸਕਦੇ ਹਾਂ। ਹਾਰਮੋਨ ਦੀ ਕਮੀ ਕਾਰਨ ਡਿੱਗਿਆ ਫਲ ਹਰੇ ਰੰਗ ਦਾ ਹੁੰਦਾ ਹੈ, ਪਰ ਇਹ ਫਲ ਡੰਡੀ ਵਾਲੇ ਪਾਸੇ ਤੋਂ ਪੀਲੇ ਸੰਤਰੀ ਰੰਗ ਦੇ ਹੁੰਦੇ ਹਨ। ਜਦੋਂ ਕਿ ਬਿਮਾਰੀ ਦੇ ਹਮਲੇ ਕਾਰਨ ਡਿੱਗੇ ਫਲ ਡੰਡੀ ਵਾਲੀ ਥਾਂ ਤੋਂ ਗਹਿਰੇ ਭੂਰੇ ਰੰਗ ਦੇ ਜਾਂ ਕਾਲੇ ਰੰਗ ਦੇ ਹੋ ਜਾਂਦੇ ਹਨ।

ਬਿਮਾਰੀ ਨਾਲ ਪੈਣ ਵਾਲਾ ਕੇਰਾ (ਪੈਥਾਲੋਜੀਕਲ ਡਰਾਪ) ਜ਼ਿਆਦਾਤਰ ਫਲ ਦਾ ਤਕਰੀਬਨ ਪੂਰਾ ਆਕਾਰ ਬਣਨ 'ਤੇ ਸ਼ੁਰੂ ਹੋ ਜਾਂਦਾ ਹੈ ਅਤੇ ਤਕਰੀਬਨ ਫਲ ਪੱਕਣ ਤੱਕ ਲਗਾਤਾਰ ਪੈਂਦੀ ਰਹਿੰਦੀ ਹੈ। ਇਹ ਕੇਰ ਜ਼ਿਆਦਾ ਪ੍ਰੇਸ਼ਾਨ ਕਰਨ ਵਾਲੀ ਅਤੇ ਬਹੁਤ ਨੁਕਸਾਨਦੇਹ ਹੁੰਦੀ ਹੈ, ਇਸ ਕੇਰ ਨਾਲ ਨਾ ਸਿਰਫ ਬਾਗਬਾਨਾਂ ਦਾ ਆਰਥਿਕ ਨੁਕਸਾਨ ਹੁੰਦਾ ਹੈ, ਸਗੋਂ ਬੂਟਿਆਂ ਵਿੱਚੋਂ ਖੁਰਾਕ ਵੀ ਨੁੱਚੜ ਜਾਂਦੀ ਹੈ। ਇਸ ਤਰ੍ਹਾਂ ਦੀ ਕੇਰ ਦੀ ਨੀਂਹ ਬੂਟਿਆਂ ਵਿੱਚ ਬਹੁਤ ਪਹਿਲਾਂ ਰੱਖੀ ਜਾਂਦੀ ਹੈ ਅਤੇ ਬਾਗਬਾਨਾਂ ਨੂੰ ਅਕਸਰ ਬਿਮਾਰੀ ਦੇ ਹਮਲੇ ਦਾ ਪਤਾ ਨਹੀਂ ਚੱਲਦਾ। ਉਨ੍ਹਾਂ ਦਾ ਧਿਆਨ ਉਦੋਂ ਹੀ ਆਉਂਦਾ ਹੈ, ਜਦੋਂ ਰੋਗ ਵਾਲੇ ਫਲ ਜ਼ਮੀਨ 'ਤੇ ਡਿੱਗਣੇ ਸ਼ੁਰੂ ਹੋ ਜਾਂਦੇ ਹਨ, ਜੇ ਵੇਲੇ ਸਿਰ ਯੋਗ ਰੋਕਥਾਮ ਨਾ ਕੀਤੇ ਜਾਣ ਤਾਂ ਕਈ ਵਾਰ ਸਾਰੇ ਦਾ ਸਾਰਾ ਫਲ ਤੋੜਨ ਤੋਂ ਪਹਿਲਾਂ ਹੀ ਗਿਰ ਜਾਂਦਾ ਹੈ। ਗਿਰਿਆ ਫਲ ਮੰਡੀਕਰਨ ਦੇ ਯੋਗ ਨਹੀਂ ਰਹਿੰਦਾ। ਰੋਗੀ ਫਲ ਜਲਦੀ ਖ਼ਰਾਬ ਹੋਣ ਕਾਰਨ ਫਲਾਂ ਦੀ ਡੱਬਾ ਬੰਦੀ ਅਤੇ ਢੋਆ-ਢੁਆਈ ਕਰਨੀ ਬਹੁਤ ਹੀ ਕਠਿਨ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਕੇਰ ਦਾ ਕਾਰਨ ਬਣਨ ਵਾਲੀ ਬਿਮਾਰੀ ਬਾਗਾਂ ਵਿੱਚ ਖੜ੍ਹੇ ਪੌਦੇ 'ਤੇ ਲੱਗਦੀ ਹੈ ਅਤੇ ਫਲ ਵਧਣ ਦੇ ਨਾਲ ਚੱਲਦੀ ਰਹਿੰਦੀ ਹੈ ਅਤੇ ਫਲ ਵਧਣ ਦੇ ਨਾਲ ਚੱਲਦੀ ਰਹਿੰਦੀ ਹੈ। ਸ਼ੁਰੂਆਤ ਵਿੱਚ ਇਸ ਦਾ ਪਤਾ ਨਹੀਂ ਲੱਗਦਾ ਪਰ ਜਦੋਂ ਫਲ ਦੀ ਡੰਡੀ ਦੁਆਲੇ ਗੋਲਾਕਾਰ ਹਲਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ। ਜੋ ਬਾਅਦ ਵਿੱਚ ਵੱਧ ਕੇ ਸਿੱਕੇ ਵਾਲੇ ਰੁਪਏ ਦੀ ਸ਼ਕਲ ਵਾਂਗ ਲੱਗਣ ਲੱਗ ਪੈਂਦੇ ਹਨ, ਉਸ ਸਮੇਂ ਬਿਮਾਰੀ ਬਹੁਤ ਫੈਲ੍ਹ ਚੁੱਕੀ ਹੁੰਦੀ ਹੈ। ਫਲਾਂ ਦਾ ਗਲਣਾ ਫਲ-ਡੰਡੀ ਵਾਲੇ ਪਾਸੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਫਲ ਧੁੰਨੀ ਤੱਕ ਪਹੁੰਚ ਕੇ ਸਾਰੇ ਫਲ ਦੇ ਹਿੱਸੇ ਨੂੰ ਢੱਕ ਲੈਂਦਾ ਹੈ। ਗਲੇ ਹੋਏ ਜ਼ਿਆਦਾਤਰ ਫਲ ਤੁੜਾਈ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਅਤੇ ਕੁਝ ਬੂਟੇ 'ਤੇ ਹੀ ਲਟਕਦੇ ਰਹਿੰਦੇ ਹਨ। ਬਿਮਾਰੀ ਕਾਰਨ ਫਲ ਵਾਲੀ ਡੰਡੀ ਸੁੱਕ ਜਾਂਦੀ ਹੈ ਅਤੇ ਇਸ 'ਤੇ ਚਮਕੀਲੇ ਮਾਸਖੋਰ ਰੰਗ ਦੇ ਉੱਲੀ ਵਾਲੇ ਕਣ ਦਿਖਾਈ ਦੇਣ ਲੱਗ ਪੈਂਦੇ ਹਨ। ਇਨ੍ਹਾਂ ਕਣਾਂ ਤੋਂ ਅਗਲੇ ਸਾਲ ਬਿਮਾਰੀ ਦੇ ਲੱਗਣ ਦੇ ਆਸਾਰ ਕਾਫੀ ਮਾਤਰਾ ਵਿੱਚ ਵੱਧ ਜਾਂਦੇ ਹਨ। ਕਈਂ ਵਾਰੀ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਬਿਮਾਰੀ ਕਾਰਨ ਫਲ ਦੀ ਡੰਡੀ ਸੁੱਕਣ ਅਤੇ ਗਲਣ ਕਾਰਨ ਵੀ ਫਲ ਡੰਡੀ ਨਾਲੋਂ ਅਲੱਗ ਹੋ ਕੇ ਕੇਰੇ ਦਾ ਰੂਪ ਧਾਰਨ ਕਰ

**ਸੰਦੀਪ ਰਹੇਜਾ, ਜੇ ਐੱਸ ਬਰਾੜ ਅਤੇ ਪੀ ਕੇ ਅਰੋੜਾ**

ਲੈਂਦਾ ਹੈ। ਇਹ ਡੰਡੀ ਬੂਟਿਆਂ ਉੱਪਰ ਹੀ ਲੱਗੀ ਰਹਿੰਦੀ ਹੈ ਅਤੇ ਅਗਲੇ ਸਾਲ ਵੀ ਬਿਮਾਰੀ ਨੂੰ ਵਧਣ ਵਿੱਚ ਸਹਾਈ ਹੁੰਦੀ ਹੈ। ਕਈ ਵਾਰੀ ਫਲ ਦਾ ਗਲਣਾ ਫਲ ਧੁੰਨੀ ਵੱਲੋਂ ਸ਼ੁਰੂ ਹੋ ਕੇ ਇਹ ਥੱਲ੍ਹੇ ਪਾਸੇ ਤੋਂ ਉੱਪਰ ਵੱਲ ਨੂੰ ਵਧਦਾ ਹੈ।

ਇਸ ਫਲ ਨੂੰ ਜੇ ਅਸੀਂ ਕੱਟ ਕੇ ਵੇਖੀਏ ਤਾਂ ਇਸ ਵਿੱਚੋਂ ਇਹ ਗਲਿਆਂ ਹੋਇਆ ਅਤੇ ਕਾਲੇ ਰੰਗ ਦਾ ਹੁੰਦਾ ਹੈ। ਕਈ ਵਾਰੀ ਗਲੇ ਹੋਏ ਫਲਾਂ 'ਤੇ ਚਿੱਟੇ ਰੰਗ ਦੀ ਉੱਲੀ ਦਿਖਾਈ ਦੇਣ ਲੱਗ ਪੈਂਦੀ ਹੈ। ਇਹ ਫਲ ਸੁੰਘਣ 'ਤੇ ਗਲੀ ਸੜੀ ਚੀਜ਼ ਵਾਂਗ ਬਦਬੂ ਮਾਰਦੇ ਹਨ। ਬਿਮਾਰੀ ਨਾਲ ਪੈਣ ਵਾਲਾ ਕੇਰਾ ਬੂਟਿਆਂ ਨੂੰ ਫਲ ਲੱਗਣ ਤੋਂ ਬਾਅਦ 5-6 ਮਹੀਨਿਆਂ ਮਗਰੋਂ ਸ਼ੁਰੂ ਹੁੰਦਾ ਹੈ। ਇਹ ਕੇਰਾ ਜੁਲਾਈ ਤੋਂ ਜ਼ਿਆਦਾ ਕੇਰਾ ਸਿਤੰਬਰ-ਅਕਤੂਬਰ ਮਹੀਨੇ ਹੁੰਦਾ ਹੈ ਅਤੇ ਬਾਅਦ ਵਿੱਚ ਮੌਸਮ ਠੰਢਾ ਹੋਣ ਨਾਲ ਕੁਝ ਘੱਟ ਜਾਂਦੀ ਹੈ ਅਤੇ ਫਲਾਂ ਦੀ ਤੁੜਾਈ ਤੱਕ ਚਲਦੀ ਰਹਿੰਦੀ ਹੈ। ਅਸਲ ਵਿੱਚ ਬਿਮਾਰੀ ਵਾਲੀ ਕੇਰ ਦੀ ਸ਼ੁਰੂਆਤ ਮੌਸਮ ਵਿੱਚ ਗਰਮਾਇਸ਼ ਆਉਣ ਦੇ ਨਾਲ ਮਾਰਚ ਵਿੱਚ ਹੀ ਹੋ ਜਾਂਦੀ ਹੈ, ਬਾਅਦ ਵਿੱਚ ਅਪਰੈਲ ਤੋਂ ਜੂਨ ਦੀ ਗਰਮੀ ਕਾਰਨ ਇਸ ਬਿਮਾਰੀ ਦਾ ਵਾਧਾ ਰੁਕ ਜਾਂਦਾ ਹੈ। ਜਿਵੇਂ ਹੀ ਮੌਨਸੂਨ ਦੀ ਬਾਰਿਸ਼ ਸ਼ੁਰੂ ਹੁੰਦੀ ਹੈ, ਬਿਮਾਰੀ ਅੱਗੇ ਵਧਣ ਲੱਗ ਪੈਂਦੀ ਹੈ। ਇਸ ਲਈ ਸਪਰੇਅ ਮਾਰਚ-ਅਪਰੈਲ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ, ਨਹੀਂ ਤਾਂ ਫਲਾਂ ਦੀ ਕੇਰ ਪੈਣ ਵੇਲੇ ਛਿੜਕਾਅ ਕਰਨ ਦਾ ਬਹੁਤਾ ਫਾਇਦਾ ਨਹੀਂ ਹੁੰਦਾ। ਰੋਗੀ ਟਾਹਣੀਆਂ, ਪੱਤਿਆਂ ਅਤੇ ਫੁੱਲਾਂ ਦੀਆਂ ਡੰਡੀਆਂ 'ਤੇ ਲੱਗੇ ਉੱਲੀ ਦੇ ਕਾਲੇ ਟਿਮਕਣੇ ਬਿਮਾਰੀ ਦੇ ਫੈਲ੍ਹਾਅ ਅਤੇ ਅਗਲੇ ਸਾਲ ਬਿਮਾਰੀ ਦੀ ਲਾਗ ਲਾਉਣ ਵਿੱਚ ਸਹਾਈ ਹੁੰਦੇ ਹਨ। ਵਾਤਾਵਰਨ ਵਿੱਚ ਬਹੁਤੀ ਸਿੱਲ ਅਤੇ ਮੌਨਸੂਨ ਦੀ ਵਰਖਾ ਕਿੰਨੂ ਦੀ ਇਸ ਕੇਰ ਦੇ ਵਾਧੇ ਲਈ ਬਹੁਤ ਅਨੁਕੂਲ ਹੁੰਦੇ ਹਨ। ਅਸਲ ਵਿੱਚ ਜੇਕਰ ਬਹਾਰ ਸਮੇਂ ਬਾਰਿਸ਼ ਹੋ ਜਾਵੇ, ਤਾਂ ਇਹ ਬਿਮਾਰੀ ਫਰਵਰੀ-ਮਾਰਚ ਵਿੱਚ ਹੀ ਰੋਗੀ ਟਾਹਣੀਆਂ ਤੋਂ ਸ਼ੁਰੂ ਹੋ ਜਾਂਦੀ ਹੈ, ਪਰ ਅਪਰੈਲ-ਜੂਨ ਦੇ ਮਹੀਨੇ ਗਰਮੀ ਦੌਰਾਨ ਇਸ ਦਾ ਵਾਧਾ ਰੁਕ ਜਾਂਦਾ ਹੈ ਅਤੇ ਵਰਖਾ ਰੁੱਤ ਵਿੱਚ ਇਹ ਰੋਗ ਅੱਗੇ ਫੈਲ੍ਹਣਾ ਸ਼ੁਰੂ ਹੋ ਜਾਂਦਾ ਹੈ।

ਇਸੇ ਤਰ੍ਹਾਂ ਕੀੜਿਆਂ ਖਾਸ ਕਰਕੇ ਫਲ ਦੀ ਮੱਖੀ ਅਤੇ ਰਸ ਚੂਸਣ ਵਾਲੇ ਪਤੰਗੇ ਦੇ ਹਮਲੇ ਨਾਲ ਵੀ ਕੇਰ ਪੈਂਦੀ ਹੈ, ਇਸ ਤਰ੍ਹਾਂ ਦੀ ਕੇਰ ਪੰਜਾਬ ਦੇ ਉੱਤਰੀ ਖਿੱਤੇ ਵਿੱਚ ਜ਼ਿਆਦਾ ਹੁੰਦੀ ਹੈ। ਇਹ ਕੇਰ ਵੀ ਬਰਸਾਤਾਂ ਦੇ ਮੌਸਮ ਅਤੇ ਇਸ ਤੋਂ ਬਾਅਦ ਪੈਂਦੀ ਹੈ। ਫਲ ਦੀ ਮੱਖੀ ਦੇ ਹਮਲੇ ਹੇਠ ਆਏ ਫਲਾਂ ਉੱਪਰ ਖਾਸ ਕਰਕੇ ਫਲ ਦੇ ਪਾਸਿਆਂ 'ਤੇ ਗੋਲ ਗਲੇ ਹੋਏ ਧੱਬੇ ਦਿਖਾਈ ਦੇਣ ਲੱਗ ਪੈਂਦੇ ਹਨ ਅਤੇ ਫਲਾਂ ਨੂੰ ਦਬਾਉਣ 'ਤੇ ਇਨ੍ਹਾਂ ਵਿੱਚੋਂ ਰਸ ਨਿਕਲਦਾ ਹੈ। ਰਸ ਚੂਸਣ ਵਾਲੇ ਪਤੰਗੇ ਵੀ ਫਲਾਂ ਦਾ ਰਾਤ ਸਮੇਂ ਨੁਕਸਾਨ ਕਰਦੇ ਹਨ ਅਤੇ ਇਸ ਦੇ ਹਮਲੇ ਹੇਠ ਆਏ ਫਲਾਂ ਵਿੱਚੋਂ ਰਸ ਟਪਕਿਆ ਨਜ਼ਰ ਆਉਂਦਾ ਹੈ।

ਬਹੁਤ ਜ਼ਿਆਦਾ ਗਰਮੀ ਅਤੇ ਖੁਸ਼ਕੀ ਵੀ ਗਰਮੀ ਵਿੱਚ ਪੈਣ ਵਾਲੀ ਕੇਰ ਦਾ ਕਾਰਨ ਹੁੰਦੀ ਹੈ ਪਰ ਪੰਜਾਬ ਵਿੱਚ ਬਾਗਾਂ ਵਿੱਚ ਸੁਚੱਜਾ ਸਿੰਚਾਈ ਪ੍ਰਬੰਧ ਚੰਗੇਰਾ ਹੋਣ ਕਰਕੇ ਇਸ ਤਰ੍ਹਾਂ ਦੀ ਕੇਰ ਕੋਈ ਗੰਭੀਰ ਸਮੱਸਿਆ ਨਹੀਂ। ਹਨ੍ਹੇਰੀਆਂ, ਝੱਖੜ ਵੀ ਕਈ ਵਾਰ ਫਲਾਂ ਨੂੰ ਭਾਰੀ ਮਾਤਰਾ ਵਿੱਚ ਕੇਰ ਦਿੰਦੇ ਹਨ।

### ਨਿੰਬੂ ਜਾਤੀ ਦੇ ਫਲਾਂ ਵਿੱਚ ਕੇਰੇ ਦੀ ਰੋਕਥਾਮ

ਆਮ ਕਹਾਵਤ 'ਇਲਾਜ ਨਾਲੋਂ ਪਰਹੇਜ਼ ਚੰਗਾ' ਅਨੁਸਾਰ ਫਲਾਂ ਨੂੰ ਝੜਣ ਤੋਂ ਰੋਕਣ ਦੇ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਸਕਦੇ ਹਨ। ਜਿਵੇਂ ਕਿ ਦੱਸਿਆ ਗਿਆ ਹੈ ਕਿ ਫਲ ਕੇਰ ਦਾ ਵਾਧਾ ਸੁੱਕੀਆਂ ਅਤੇ ਰੋਗੀ ਸ਼ਾਖਾਂ ਤੋਂ ਹੁੰਦਾ ਹੈ। ਇਸ ਲਈ ਬਿਮਾਰੀ ਦੇ ਫੈਲ੍ਹਾਅ ਅਤੇ ਇਸ ਨੂੰ ਅਗਲੇ ਸਾਲ ਲੱਗਣ ਤੋਂ ਰੋਕਣ ਲਈ ਫਲ ਤੋੜਨ ਤੋਂ ਬਾਅਦ (ਜਨਵਰੀ-ਫਰਵਰੀ) ਵਿੱਚ ਸਾਰੀ ਸੋਕ ਕੱਟ ਕੇ ਸਾੜ ਦਿਓ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਕੱਟੀ ਹੋਈ ਸੋਕੜ ਬਾਗ ਜਾਂ ਨਰਸਰੀ ਦੇ ਨੇੜੇ ਢੇਰ ਨਾ ਕਰੋ, ਨਹੀਂ ਤਾਂ ਬਾਰਿਸ਼ਾਂ ਤੋਂ ਬਾਅਦ ਇਸ ਤੋਂ ਬਿਮਾਰੀ ਬਾਗਾਂ ਵਿੱਚ ਫੈਲ੍ਹ ਸਕਦੀ ਹੈ। ਇਸ ਲਈ ਸੋਕ ਕੱਟ ਕੇ ਰੱਖੀ ਜਾਂ ਨਾ ਕੱਟੀ ਇੱਕ ਦੇ ਬਰਾਬਰ ਹੈ। ਕਟਾਈ ਕਰਦੇ ਸਮੇਂ ਸੁੱਕੀ ਟਾਹਣੀ ਨਾਲ ਥੋੜ੍ਹੀ ਜਿਹੀ ਹਰੀ ਨਰੋਈ ਟਾਹਣੀ ਜ਼ਰੂਰ ਕੱਟੋ। ਕਟਾਈ ਤੋਂ ਬੋਰਡੋ ਮਿਸ਼ਰਣ (2:2:250) ਜਾਂ ਕਾਪਰ ਔਕਸੀਕਲੋਰਾਈਡ (3.0 ਗ੍ਰਾਮ ਪ੍ਰਤੀ ਲੀਟਰ ਪਾਣੀ) ਦਾ ਛਿੜਕਾਅ ਕਰਨਾ ਬਹੁਤ ਜ਼ਰੂਰੀ ਹੈ।

ਤੰਦਰੁਸਤ ਬੂਟੇ ਬਿਮਾਰੀਆਂ ਨੂੰ ਸਹਿਣ ਦੀ ਜ਼ਿਆਦਾ ਸਮਰੱਥਾ ਰੱਖਦੇ ਹਨ, ਇਸ ਲਈ ਬੂਟਿਆਂ ਦੀ ਸਿਹਤ ਬਰਕਰਾਰ ਰੱਖਣ ਲਈ, ਸਿਫਾਰਸ਼ ਕੀਤੀ ਗਲੀ-ਸੜੀ ਰੂੜੀ ਅਤੇ ਰਸਾਇਣਕ ਖਾਦਾਂ ਪਾਓ। ਬਹੁਤ ਜ਼ਿਆਦਾ



ਜਾਂ ਗੈਰ-ਸਿਫਾਰਿਸ਼-ਸ਼ੁਦਾ ਖਾਦਾਂ ਵੀ ਬੂਟਿਆਂ ਦਾ ਖੁਰਾਕੀ ਸੰਤੁਲਨ ਵਿਗਾੜ ਦਿੰਦੀਆਂ ਹਨ। ਲਘੂ ਤੱਤਾਂ ਦੀ ਘਾਟ ਦੀ ਪੂਰਤੀ ਕਰਦੇ ਰਹੋ। ਇਨ੍ਹਾਂ ਤੱਤਾਂ ਦੀ ਘਾਟ ਪਤਾ ਲਗਾਉਣ ਲਈ ਹਰੇਕ 2-3 ਸਾਲਾਂ ਬਾਅਦ ਪੱਤਿਆਂ ਦੀ ਪਰਖ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਬਾਗਾਂ ਵਿੱਚ ਬਿਮਾਰੀ ਕਾਰਨ ਡਿੱਗੇ ਫਲ ਜਾਂ ਦਰੱਖਤਾਂ ਉੱਤੇ ਲਟਕਦੇ ਬਿਮਾਰੀ-ਗ੍ਰਸਤ ਫਲਾਂ ਨੂੰ ਤੋੜ ਕੇ ਜ਼ਮੀਨ ਵਿੱਚ ਟੋਏ ਪੁੱਟ ਕੇ ਦੱਬ ਦਿਓ ਜਾਂ ਸਾੜ ਦਿਓ। ਇਨ੍ਹਾਂ ਤੋਂ ਵੀ ਕੇਰ ਰੋਗ ਬਹੁਤ ਜ਼ਿਆਦਾ ਫੈਲ੍ਹਦਾ ਹੈ।

ਬਾਗਾਂ ਨੂੰ ਜ਼ਿਆਦਾ ਅਤੇ ਡੂੰਘਾ ਨਾ ਵਾਹੋ, ਕਿਉਂਕਿ ਜ਼ਿਆਦਾ ਵਾਹੁਣ ਅਤੇ ਡੂੰਘਾ ਵਾਹੁਣ ਨਾਲ ਬੂਟਿਆਂ ਦੀਆਂ ਜੜ੍ਹਾਂ ਨੁਕਸਾਨੀਆਂ ਜਾਂਦੀਆਂ ਹਨ ਅਤੇ ਬੂਟਿਆਂ ਦੀ ਬਹੁਤੀ ਊਰਜਾ ਮੁੜ ਜੜ੍ਹਾਂ ਦੇ ਵਾਧੇ ਉੱਤੇ ਖਪਤ ਹੁੰਦੀ ਰਹਿੰਦੀ ਹੈ ਅਤੇ ਇਸ ਨਾਲ ਜ਼ਮੀਨ ਵਿੱਚੋਂ ਲੱਗਣ ਵਾਲੀਆਂ ਬਿਮਾਰੀਆਂ ਵਿੱਚ ਵੀ ਵਾਧਾ ਹੁੰਦਾ ਹੈ। ਕਿਉਂਕਿ ਨਿੰਬੂ ਜਾਤੀ ਦੇ ਬੂਟਿਆਂ ਦੀਆਂ ਜ਼ਿਆਦਾਤਰ ਖੁਰਾਕ ਅਤੇ ਪਾਣੀ ਲੈਣ ਵਾਲੀਆਂ ਜੜ੍ਹਾਂ ਜ਼ਮੀਨ ਦੀ ਉਪਰੀ ਇੱਕ ਫੁੱਟ ਸਤਹਿ ਵਿੱਚ ਹੀ ਹੁੰਦੀਆਂ ਹਨ, ਇਸ ਲਈ ਬੂਟਿਆਂ ਦੀ ਡੂੰਘੀ ਵਹਾਈ ਨਹੀਂ ਕਰਨੀ ਚਾਹੀਦੀ। ਬਾਗਾਂ ਵਿੱਚ ਸਰਬਪੱਖੀ ਤਰੀਕੇ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸਾਲ ਵਿੱਚ ਇੱਕ-ਦੋ ਵਾਰ ਰੋਟਾਵੇਟਰ ਨਾਲ ਵਹਾਈ ਕਰਕੇ, ਇੱਕ ਦੋ ਵਾਰ ਸਿਫਾਰਿਸ਼-ਸ਼ੁਦਾ ਨਦੀਨ ਨਾਸ਼ਕਾਂ ਦਾ ਛਿੜਕਾਅ ਕਰਕੇ ਜਾਂ ਮੋਅਰ ਜਾਂ ਕਰਚੇ ਕੱਟਣ ਵਾਲੀ ਮਸ਼ੀਨ ਨਾਲ ਕਟਾਈ ਕਰਕੇ ਨਦੀਨਾਂ ਨੂੰ ਕਾਬੂ ਰੱਖਿਆ ਜਾ ਸਕਦਾ ਹੈ।

ਬੂਟਿਆਂ ਨੂੰ ਜ਼ਮੀਨ ਵਿੱਚ ਵੱਤਰ ਬਣਾਈ ਰੱਖਣ ਲਈ ਲੋੜ ਅਨੁਸਾਰ ਪਾਣੀ ਦਿਓ। ਜ਼ਿਆਦਾ ਜਾਂ ਘੱਟ ਪਾਣੀ ਵੀ ਇਸ ਰੋਗ ਦੇ ਹਮਲੇ ਨੂੰ ਵਧਣ ਵਿੱਚ ਬਹੁਤ ਮੱਦਦ ਕਰਦਾ ਹੈ। ਨਿੰਬੂ ਜਾਤੀ ਦੇ ਬਾਗਾਂ ਨੂੰ ਹਮੇਸ਼ਾਂ ਹਲਕੇ ਪਾਣੀ ਦੇਣ ਦੀ ਜ਼ਰੂਰਤ ਹੁੰਦੀ ਹੈ। ਪਰ ਜੇਕਰ ਬਾਗ ਵਾਲੀ ਜ਼ਮੀਨ ਦੀ ਜ਼ਿਆਦਾ ਵਹਾਈ ਕੀਤੀ ਗਈ ਹੈ ਤਾਂ ਪਾਣੀ ਵੀ ਬਹੁਤ ਜ਼ਿਆਦਾ ਮਾਤਰਾ ਵਿੱਚ ਲੱਗਦਾ ਹੈ, ਜੋ ਕਿ ਨਾ ਸਿਰਫ ਫਲਾਂ ਦੇ ਕੇਰੇ ਦਾ ਕਾਰਨ ਬਣਦਾ ਹੈ, ਸਗੋਂ ਜੜ੍ਹਾਂ ਗਲਣ ਅਤੇ ਗੂੰਦੀਆ ਰੋਗ ਨੂੰ ਵੀ ਵਧਾਉਂਦਾ ਹੈ। ਇਸ ਲਈ ਬਾਗਾਂ ਦੀ ਘੱਟ ਤੋਂ ਘੱਟ ਵਹਾਈ ਕਰਨੀ ਚਾਹੀਦੀ ਹੈ ਅਤੇ ਹਮੇਸ਼ਾਂ ਹਲਕੇ ਪਾਣੀ ਹੀ ਦੇਣੇ ਚਾਹੀਦੇ ਹਨ। ਕਿੰਨੂ ਦੇ ਫਲ ਦੇ ਕੇਰੇ ਦੀ ਸੰਪੂਰਨ ਰੋਕਥਾਮ ਲਈ ਜ਼ੀਰਮ 27 ਐੱਸ.ਸੀ. (1250 ਮਿ. ਲੀ.) + 5 ਗ੍ਰਾਮ 2,4 ਡੀ (ਸੋਡੀਅਮ ਸਾਲਟ ਹੋਰਟੀਕਲਚਰ ਗਰੇਡ) ਜਾਂ ਪ੍ਰੋਪੀਕੋਨਾਜ਼ੋਲ 25 ਈ. ਸੀ. (500 ਮਿ. ਲਿ.)+5 ਗ੍ਰਾਮ 2,4-ਡੀ ਦਾ ਛਿੜਕਾਅ ਅੱਧ ਅਪਰੈਲ, ਅਗਸਤ ਅਤੇ ਸਤੰਬਰ ਦੇ ਮਹੀਨੇ ਕਰੋ ਅਤੇ ਇਸ ਤੋਂ ਇਲਾਵਾ ਇਕੱਲੀ ਜ਼ੀਰਮ 27 ਐੱਸ.ਸੀ. (1250 ਮਿ.ਲਿ.) ਜਾਂ ਪ੍ਰੋਪੀਕੋਨਾਜ਼ੋਲ 25 ਈ. ਸੀ. (500 ਮਿ.ਲੀ.) ਜਾਂ ਬਾਵਿਸਟਨ 50 ਡਬਲਿਯੂ. ਪੀ. (500 ਗ੍ਰਾਮ) ਦੇ ਛਿੜਕਾਅ ਅਖੀਰ ਜੁਲਾਈ ਅਤੇ ਅਖੀਰ ਸਤੰਬਰ ਦੇ ਮਹੀਨੇ ਹੋਰ ਕਰੋ। ਜੇਕਰ ਬਾਗ ਵਿੱਚ ਕੋਈ ਚੌੜੇ ਪੱਤਿਆਂ ਵਾਲੀ ਫਸਲ ਬੀਜੀ ਗਈ ਹੋਵੇ ਜਾਂ ਨਾਲ ਖੇਤਾਂ ਵਿੱਚ ਕਪਾਹ ਜਾਂ ਹੋਰ ਕੋਈ ਅਜਿਹੀ ਫਸਲ ਬੀਜੀ ਹੋਵੇ ਤਾਂ 2,4-ਡੀ ਦੀ ਬਿਲਕੁਲ ਵਰਤੋਂ ਨਾ ਕਰੋ, ਬਲਕਿ ਇਸ ਦੀ ਥਾਂ 'ਤੇ 10 ਗ੍ਰਾਮ ਪ੍ਰਤੀ 500 ਲੀਟਰ ਪਾਣੀ ਜੀ.ਏ-3 (ਜ਼ਿਬਰੈਲਿਕ ਐਸਿਡ) ਦੀ ਵਰਤੋਂ ਕਰੋ। ਬਾਗਾਂ ਨੂੰ ਹਰ ਸਾਲ ਇਕਸਾਰ ਫਲ ਨਹੀਂ ਆਉਂਦਾ, ਕਈ ਵਾਰ ਬਹੁਤ ਜ਼ਿਆਦਾ ਫਲ ਲੱਗਣ ਨਾਲ ਵੀ ਕੇਰ ਦੀ ਸਮੱਸਿਆ ਵੱਧ ਜਾਂਦੀ ਹੈ, ਇਸ ਲਈ ਬੂਟਿਆਂ ਉੱਪਰ ਫਲਾਂ ਦੀ ਸੰਖਿਆ ਨਿਯਮਿਤ ਕੀਤੀ ਜਾ ਸਕਦੀ ਹੈ ਤਾਂ ਕਿ ਹਰ ਸਾਲ ਬੂਟਿਆਂ ਨੂੰ ਇਕਸਾਰ ਅਤੇ ਔਸਤਨ ਫਲ ਲੱਗੇ।

ਬੂਟਿਆਂ ਨੂੰ ਲਗਾਤਾਰ ਰਸ ਚੂਸਣ ਵਾਲੇ ਕੀੜਿਆਂ ਤੋਂ ਮੁਕਤ ਰੱਖੋ। ਕਿਉਂਕਿ ਇਹ ਪੱਤਿਆਂ ਦਾ ਰਸ ਚੂਸ ਕੇ ਇਨ੍ਹਾਂ ਨੂੰ ਕਮਜ਼ੋਰ ਕਰਦੇ ਹਨ। ਮਿਲੀ ਬੱਗ ਨੂੰ ਵੀ ਕਾਬੂ ਵਿੱਚ ਰੱਖੋ, ਕਿਉਂਕਿ ਇਹ ਬੂਟਿਆਂ ਦੀਆਂ ਲਗਰਾਂ ਵਿੱਚੋਂ ਖੁਰਾਕ ਲੈ ਕੇ ਉਨ੍ਹਾਂ ਨੂੰ ਕਮਜ਼ੋਰ ਕਰਦੀ ਹੈ ਅਤੇ ਬੂਟਿਆਂ ਦੀਆਂ ਨਵੀਆਂ ਟਹਿਣੀਆਂ ਅਤੇ ਫਲਾਂ ਦੀਆਂ ਡੰਡੀਆਂ ਨੂੰ ਨੁਕਸਾਨ ਕਰਕੇ ਕੇਰੇ ਦੇ ਵਾਧੇ ਵਿੱਚ ਯੋਗਦਾਨ ਪਾਉਂਦੀਆਂ ਹਨ।

ਤੇਜ਼ ਅਤੇ ਗਰਮ ਹਵਾਵਾਂ, ਜ਼ਿਆਦਾ ਸਰਦੀ ਜਾਂ ਕੋਹਰੇ, ਹਨ੍ਹੇਰੀਆਂ-ਝੱਖੜਾਂ ਨਾਲ ਹੋਣ ਵਾਲੇ ਕੇਰੇ ਨੂੰ ਰੋਕਣ ਲਈ ਬਾਗਾਂ ਦੁਆਲੇ ਉੱਚੇ ਦਰੱਖਤਾਂ ਦੀ ਵਾੜ ਬਣਾ ਦੇਣੀ ਚਾਹੀਦੀ ਹੈ। ਵਾੜ ਬਣਾਉਣ ਲਈ ਸਫੈਦਾ, ਜਾਮਣ, ਅਰਜੁਨ, ਟਾਹਲੀ ਵਰਗੇ ਦਰੱਖਤ ਲਗਾਏ ਜਾ ਸਕਦੇ ਹਨ। ਇਸ ਨੂੰ ਜ਼ਿਆਦਾ ਸੰਘਣਾ ਬਣਾਉਣ ਲਈ ਇਨ੍ਹਾਂ ਦਰੱਖਤਾਂ ਵਿਚਕਾਰ ਝਾੜੀਆਂ ਲਗਾਈਆਂ ਜਾ ਸਕਦੀਆਂ ਹਨ।

# ਹਾੜ੍ਹੀ ਦੌਰਾਨ ਚਾਰੇ ਦੀਆਂ ਫਸਲਾਂ ਦੀ ਕਾਸ਼ਤ

**ਅਰਵਿੰਦਰ ਕੌਰ ਅਤੇ ਅਨਮੋਲਦੀਪ ਸਿੰਘ,**
**ਪੀ ਏ ਯੂ ਖੇਤਰੀ ਖੋਜ ਕੇਂਦਰ, ਗੁਰਦਾਸਪੁਰ**



ਪਸ਼ੂਆਂ ਦੀ ਚੰਗੀ ਸਾਂਭ ਸੰਭਾਲ ਲਈ ਪੂਰੇ ਸਾਲ ਦੌਰਾਨ ਹਰਾ ਚਾਰਾ ਖੁਆਉਣਾ ਜ਼ਰੂਰੀ ਹੈ। ਇਸ ਦੇ ਉਤਪਾਦਨ ਨਾਲ ਕਿਸਾਨਾਂ ਨੂੰ ਡੇਅਰੀ ਫਾਰਮਿੰਗ ਦੀ ਯੋਜਨਾ ਬਣਾਉਣ ਦਾ ਵਿਕਲਪ ਮਿਲਦਾ ਹੈ। ਡੇਅਰੀ ਜਾਨਵਰਾਂ ਦੇ ਦੁੱਧ ਦੇ ਉਤਪਾਦਨ ਅਤੇ ਸਿਹਤ ਲਈ ਲੋੜੀਂਦੇ ਪੌਸ਼ਟਿਕ ਤੱਤਾਂ ਦੇ ਨਾਲ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਖੁਆਉਣ ਵਿੱਚ ਹਰੇ ਚਾਰੇ ਦੀ ਫਸਲ ਅਹਿਮ ਭੂਮਿਕਾ ਨਿਭਾਉਂਦੀ ਹੈ। ਕੁਝ ਕਿਸਾਨ ਕਈ ਹੋਰ ਫਸਲਾਂ ਦੀ ਤਰ੍ਹਾਂ ਹਰੇ ਚਾਰੇ 'ਤੇ ਨਿਰਭਰ ਕਰਦੇ ਹਨ ਅਤੇ ਇਸਨੂੰ ਰੁਜ਼ਗਾਰ ਦੇ ਲਈ ਮਾਰਕੀਟ ਵਿੱਚ ਵੇਚਦੇ ਹਨ। ਚਾਰਾ ਅਧੀਨ (2016-17) ਵਿੱਚ 8.95 ਲੱਖ ਹੈਕਟੇਅਰ (ਰੱਬੀ ਸੀਜ਼ਨ ਵਿੱਚ 3.59 ਲੱਖ ਹੈਕਟੇਅਰ) ਖੇਤਰ, ਪਸ਼ੂਆਂ ਲਈ ਸਾਲਾਨਾ 730 ਲੱਖ ਟਨ ਹਰੇ ਚਾਰੇ ਦੇ ਉਤਪਾਦਨ ਕਰਦਾ ਹੈ। ਮੌਜੂਦਾ ਜਾਨਵਰਾਂ ਦੀ ਆਬਾਦੀ 82.2 ਲੱਖ ਹੈ ਅਤੇ ਹਰ ਪਸ਼ੂ ਨੂੰ 26.34 ਕਿਲੋ ਹਰੇ ਚਾਰੇ ਪ੍ਰਤੀ ਦਿਨ ਦੀ ਸਪਲਾਈ ਕਰਦਾ ਹੈ। ਪ੍ਰਤੀ ਜਾਨਵਰ ਤਕਰੀਬਨ 40 ਕਿਲੋ ਹਰੇ ਚਾਰੇ ਦੀ ਜ਼ਰੂਰਤ ਹੈ। ਫਲੀਦਾਰ ਅਤੇ ਬਿਨਾਂ ਫਲੀਦਾਰ ਵਾਲਾ ਚਾਰਾ ਰਲਾ ਕੇ ਪਸ਼ੂਆਂ ਨੂੰ ਪਾਇਆ ਜਾਣਾ ਚਾਹੀਦਾ ਹੈ, ਜਿਵੇਂ ਜਵੀ ਜਾਂ ਨਾਲ ਮੱਕੀ ਨਾਲ ਰਲਾ ਕੇ ਪਾਇਆ ਜਾ ਸਕਦਾ ਹੈ।

**ਜਲਵਾਯੂ ਅਤੇ ਮਿੱਟੀ ਦੀਆਂ ਲੋੜਾਂ** : ਹਾੜ੍ਹੀ ਦੇ ਚਾਰੇ ਦੀਆਂ ਫਸਲਾਂ (ਬਰਸੀਮ, ਸਫਤਲ, ਲੂਸਣ ਅਤੇ ਸੇਂਜੀ) ਦੇ ਜ਼ਿਆਦਾਤਰ ਗੰਡਿਦਾਰ ਪਰਿਵਾਰ ਨਾਲ ਸਬੰਧਤ ਹਨ। ਜਵੀ ਅਤੇ ਰਾਈਘਾਹ ਗ੍ਰੈਮੀਨੀ ਪਰਿਵਾਰ ਦੀਆਂ ਹਨ।

ਟੇਬਲ 2 ਜ਼ਿਆਦਾਤਰ ਇਹਨਾਂ ਫਸਲਾਂ ਲਈ ਠੰਢੇ ਗਿੱਲੇ ਸੁੱਕੇ ਮੌਸਮ ਦੀ ਲੋੜ ਹੈ। ਇਸ ਲਈ ਚੰਗੀ ਨਿਕਾਸੀ ਵਾਲੀ ਉਪਜਾਊ ਮਿੱਟੀ ਵਿੱਚ ਹੁੰਦੀ ਹੈ।

| ਟੇਬਲ 1 : ਫਸਲਾਂ ਦੇ ਆਮ ਨਾਮ, ਅੰਗਰੇਜ਼ੀ ਨਾਮ, ਬੋਟੈਨੀਕਲ ਨਾਮ, ਪਰਿਵਾਰ ਅਤੇ ਕੇਂਦਰ | | | | | |
|---|---|---|---|---|---|
| ਫਸਲ | ਆਮ ਨਾਮ | ਅੰਗਰੇਜ਼ੀ ਨਾਮ | ਬੋਟੈਨੀਕਲ ਨਾਮ | ਪਰਿਵਾਰ | ਮੂਲ ਦਾ ਕੇਂਦਰ |
| ਫਲੀਦਾਰ | | | | | |
| ਬਰਸੀਮ | ਫਾਰਸੀ | ਫਾਰਸੀ ਕਲੋਵਰ | ਟ੍ਰਿਫੋਲਿਅਮ ਅਲੈਕਸੈਨਡਿਨਮ | ਗੰਡਿਦਾਰ | ਇਜਪਟ |
| ਸ਼ਫਤਲ | ਭੁੱਕਲ ਛਟਾਲਾ | ਪਰਸ਼ੀਅਨ ਕਲੋਵਰ | ਟ੍ਰਾਈਫੋਲਿਅਮ ਅਲੈਕਸੈਨਡਿਨਮ | ਗੰਡਿਦਾਰ | ਪਰਸ਼ੀਆ |
| ਲੂਸਣ | ਲੂਸਣ | ਐਲਫਾਲਫਾ | ਮੈਡੀਕੋ ਸਟਾਵਾ | ਗੰਡਿਦਾਰ | ਸਾਊਥ ਵੈਸਟਰਨ ਏਸ਼ੀਆ |
| ਸੇਂਜੀ | ਸੇਂਜੀ | ਇੰਡੀਅਨ ਕਲਰੋਵਰ | ਮੇਲੀਓਟਸ ਪਅਰਵਫਲੋਟਸ | ਗੰਡਿਦਾਰ | ਇੰਡੀਆ |
| ਬਿਨਾਂ ਫਲੀਦਾਰ | | | | | |
| ਜਵੀ | ਜਵੀ | ਓਟਸ | ਅਵੇਨਾ ਸਟਵਿਊ | ਗ੍ਰੈਮੀਨੀ | ਵੈਸਟਰਨ ਯੋਰਪ |
| ਰਾਈ ਘਾਹ | ਰਾਈ ਘਾਹ | ਰਾਈ ਗਰਾਸ | ਲੋਲੀਅਮ ਪਰਏਨੈ | ਗ੍ਰੈਮੀਨੀ | ਟਮਪਰੈਟ ਏਸ਼ੀਆ ਅਤੇ ਨੋਰਥ ਅਫਰੀਕਾ |

| ਟੇਬਲ 2 : ਮੌਸਮ ਦੀਆਂ ਸਥਿਤੀਆਂ | |
|---|---|
| ਫਸਲ | ਮੌਸਮ ਹਾਲਤ |
| ਫਲੀਦਾਰ | |
| ਬਰਸੀਮ | 10-25° ਸੈ: |
| ਸ਼ਫਤਲ | ਠੰਡਾ ਅਤੇ ਸੁੱਕਾ |
| ਲੂਸਣ | ਸੁੱਕਾ |
| ਸੇਂਜੀ | ਠੰਡਾ ਅਤੇ ਗਿੱਲ੍ਹਾ |
| ਬਿਨਾਂ ਫਲੀਦਾਰ | |
| ਜਵੀ | ਠੰਡਾ ਅਤੇ ਗਿੱਲ੍ਹਾ |
| ਰਾਈ ਘਾਹ | 8-25° ਸੈ: |

**ਜ਼ਮੀਨ ਦੀ ਤਿਆਰੀ** : ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਨ ਲਈ ਤਿੰਨ ਵਾਰ ਵਾਹੋ ਅਤੇ ਹਰ ਵਾਹੀ ਬਾਅਦ ਸੁਹਾਗਾ ਫੇਰੋ ਤਾਂ ਜੋ ਹਰ ਕਿਸੇ ਬੂਟੀ ਤੋਂ ਮੁਕਤ ਹੋ ਜਾਵੇ। ਫਸਲ ਬੀਜਣ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਪੱਧਰਾ ਅਤੇ ਘਾਹ ਫੂਸ ਤੋਂ ਮੁਕਤ ਕਰ ਲਓ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਬਰਸੀਮ ਅਤੇ ਸ਼ਫਤਲ ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫਤੇ ਤੱਕ ਬੀਜਿਆ ਜਾ ਸਕਦਾ ਹੈ। ਜਦੋਂ ਕਿ ਲੂਸਨ ਅੱਧ ਅਕਤੂਬਰ ਵਿੱਚ ਬੀਜਿਆ ਜਾਂਦਾ ਹੈ ਅਤੇ ਸੇਂਜੀ ਸਤੰਬਰ ਤੋਂ ਨਵੰਬਰ ਤੱਕ ਬੀਜੀ ਜਾਂਦੀ ਹੈ। ਜਵੀ ਅਤੇ ਰਾਈ ਘਾਹ ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਵਿੱਚ ਬੀਜੀ ਜਾ ਸਕਦੀ ਹੈ। (ਟੇਬਲ 4) ਬੀ ਐੱਲ-43 ਅਤੇ ਓ ਐਲ-11 ਬਰਸੀਮ ਅਤੇ ਜਵੀ ਦੀਆਂ ਨਵੀਂ ਕਿਸਮਾਂ ਹਨ। ਬੀਜ ਦੀ ਮਾਤਰਾ 8-10 ਕਿਲੋਂ ਬਰਸੀਮ, ਸਫਤਲ ਲਈ 4-5 ਕਿਲੋ, ਲੂਸਣ ਲਈ 6-8 ਕਿਲੋ, ਸੇਂਜੀ ਲਈ 15 ਕਿਲੋਂ ਜਦੋਂ ਕਿ ਰਾਈਘਾਹ ਲਈ 25 ਤੇ 4 ਕਿਲੋ ਬੀਜ ਦੀ ਲੋੜ ਹੁੰਦੀ ਹੈ।

| ਟੇਬਲ 3 ਚਾਰੇ ਦੀਆਂ ਕਿਸਮਾਂ | | |
|---|---|---|
| ਫਸਲ | ਅੰਗਰੇਜ਼ੀ ਨਾਮ | ਕਿਸਮਾਂ |
| ਫਲੀਦਾਰ | | |
| ਬਰਸੀਮ | ਫਾਰਸੀ ਕਲੋਵਰ | ਬੀ ਐੱਲ-43, ਬੀ ਐੱਲ-42, ਬੀ ਐੱਲ-10, ਬੀ ਐੱਲ-1 |
| ਸ਼ਫਤਲ | ਪਰਸ਼ੀਅਨ ਕਲੋਵਰ | ਸ਼ਅ 69 |
| ਲੂਸਣ | ਐਲਫਾਲਫਾ | ਐਲ ਐਲ ਸੀ-5 |
| ਸੇਂਜੀ | ਇੰਡੀਅਨ ਕਲਰੋਵਰ | ਵਾਈ ਐਸ ਐਲ-106, ਸੇਂਜੀ ਸਫੈਦ-76 |
| ਬਿਨਾਂ ਫਲੀਦਾਰ | | |
| ਜਵੀ | ਓਟਸ | ਓ ਐੱਲ-12, ਓ ਐੱਲ-12, ਓ ਐੱਲ-10, ਓ ਐੱਲ-9 ਅਤੇ ਕੈਟ |
| ਰਾਈ ਘਾਹ | ਰਾਈ ਗਰਾਸ | ਪੰਜਾਬ ਰਾਈ ਗਰਾਸ ਨੰ.-1 |

**ਬੀਜਣ ਦਾ ਢੰਗ** : ਬਰਸੀਮ, ਸ਼ਫਤਲ ਅਤੇ ਰਾਈ ਘਾਹ ਦੀ ਬਿਜਾਈ ਖੜ੍ਹੇ ਪਾਣੀ ਵਿੱਚ ਛੱਟੇ ਨਾਲ ਕੀਤੀ ਜਾ ਸਕਦੀ ਹੈ (ਟੇਬਲ-4)। ਬੀਜ ਦਾ ਛੱਟਾ ਦਿਓ ਅਤੇ ਬਾਅਦ ਵਿੱਚ ਛਾਪਾ ਫੇਰ ਕੇ ਪਾਣੀ ਲਾ ਦਿਓ। ਲੂਸਣ ਅਤੇ ਜਵੀ 25 ਸੈਂਟੀਮੀਟਰ ਤੇ 30 ਸੈਂਟੀਮੀਟਰ ਤੇ ਬਿਜਾਈ ਕੀਤੀ ਜਾਵੇ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਬਰਸੀਮ, ਅਤੇ ਲੂਸਣ, ਜੇਕਰ ਨਵੇਂ ਖੇਤਾਂ ਵਿੱਚ ਬੀਜਣਾ ਹੋਵੇ ਤਾਂ ਇਹਨਾਂ ਦੇ ਬੀਜ ਨੂੰ ਰਾਈਜੋਬੀਅਮ ਦਾ ਟੀਕਾ ਲਾਉਣਾ ਬਹੁਤ ਜ਼ਰੂਰੀ ਹੈ, ਇਸ ਨਾਲ ਹਰੇ ਚਾਰੇ ਦਾ ਝਾੜ ਵਿੱਚ ਹੁੰਦਾ ਹੈ। ਇੱਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਨਾਲ ਭਿਉਂ ਕੇ ਟੀਕੇ ਦਾ ਇੱਕ ਪੈਕਟ ਇਸ ਭਿੱਜੇ ਹੋਏ ਬੀਜ ਨਾਲ ਚੰਗੀ ਤਰ੍ਹਾਂ ਰਲਾ ਦਿਉ। ਇਹ ਕੰਮ ਪੱਕੇ ਸਾਫ ਫਰਸ਼/ਤਰਪਾਲ ਉੱਪਰ ਕਰੋ। ਫਿਰ ਬੀਜ ਛਾਂ ਵਿੱਚ ਸੁਕਾ ਲਉ ਅਤੇ ਉਸੇ ਦਿਨ (ਜੇ ਹੋ ਸਕੇ ਤਾਂ ਸ਼ਾਮ ਵੇਲੇ) ਛਿੱਟਾ ਖੜ੍ਹੇ ਪਾਣੀ ਵਿੱਚ ਦਿਓ ਤਾਂ ਜੋ ਸੂਰਜ ਦੀ ਧੁੱਪ ਨਾਲ ਟੀਕੇ ਦਾ ਅਸਰ ਜ਼ਾਇਆ ਨਾ ਹੋ ਜਾਵੇ। ਜੀਵਾਣੂੰ ਖਾਦ ਦਾ ਇਹ ਟੀਕਾ ਬੀਜਾਂ ਦੀ ਦੁਕਾਨ, ਗੇਟ ਨੰ. 1, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ / ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦਾ ਹੈ।

**ਖਾਦਾਂ** : ਖਾਦਾਂ ਦੀ ਵਰਤੋਂ ਧਰਤੀ ਦੀ ਕਿਸਮ ਤੇ ਉਸਦੀ ਲੋੜੀਂਦੀ ਯੋਗਤਾ ਅਨੁਸਾਰ ਕਰਨੀ ਚਾਹੀਦੀ ਹੈ। ਵੱਖ-ਵੱਖ ਚਾਰੇ ਦੀਆਂ ਕਿਸਮਾਂ ਲਈ ਨਾਈਟ੍ਰੋਜਨ ਫਾਸਫੋਰਸ ਖਾਦ ਦੀ ਵੱਖ ਵੱਖ ਪੱਧਰ ਦੀ ਲੋੜ ਹੁੰਦੀ ਹੈ। ਜਿਵੇਂ ਕਿ (ਟੇਬਲ 4) ਵਿੱਚ ਦਿੱਤੀ। ਜਿਸ ਖੇਤ ਵਿੱਚ ਖਾਦ ਦੀ ਵਰਤੋਂ ਕੀਤੀ ਜਾਂਦੀ, ਉੱਥੇ ਨਾਈਟ੍ਰੋਜਨ ਅਤੇ ਫਾਸਫੋਰਸ ਕਾਰਜ ਸੀਮਤ ਹੋਣਾ ਚਾਹੀਦਾ ਹੈ। ਬਰਸੀਮ ਵਿੱਚ ਜਿੱਥੇ ਖਾਦ ਦੀ ਵਰਤੋਂ 22 ਕਿਲੋਗਰਾਮ ਯੂਰੀਆ ਅਤੇ 185 ਕਿਲੋਗ੍ਰਾਮ ਸੁਪਰਫਾਸਫੇਟ ਦੀ ਵਰਤੋਂ ਪ੍ਰਤੀ ਏਕੜ ਕੀਤੀ ਜਾਂਦੀ ਹੈ। ਸ਼ਫਤਲ ਲਈ 11 ਕਿਲੋ ਯੂਰੀਆ ਅਤੇ 125 ਕਿਲੋਗਰਾਮ ਸੁਪਰਫਾਸਫੇਟ, ਲੂਸਣ 22 ਕਿਲੋ ਯੂਰੀਆ ਅਤੇ 200

**ਬਾਕੀ ਸਫਾ 14 'ਤੇ**

| ਟੇਬਲ 4 ਚਾਰੇ ਦੀ ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ, ਬੀਜਣ ਦਾ ਢੰਗ, ਕਟਾਈ ਅਤੇ ਪੈਦਾਵਾਰ | | | | | | |
|---|---|---|---|---|---|---|
| ਫਸਲ | ਕਿਸਮਾਂ | ਬਿਜਾਈ ਦਾ ਸਮਾਂ | ਬੀਜ ਦੀ ਮਾਤਰਾ | ਬੀਜਣ ਦਾ ਢੰਗ | ਕਟਾਈ | ਪੈਦਾਵਾਰ (ਕੁਇੰ. ਜਾਂ ਕਿਲੋ) |
| ਫਲੀਦਾਰ | | | | | | |
| ਬਰਸੀਮ | ਬੀ ਐੱਲ-43, ਬੀ ਐੱਲ-42, ਬੀ ਐੱਲ-10, ਬੀ ਐੱਲ-1 | ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫਤੇ ਤੱਕ | 8-10 | ਛੱਟੇ ਨਾਲ | ਪਹਿਲਾ ਲੌਅ, ਬਿਜਾਈ ਤੋਂ ਤਕਰੀਬਨ 50 ਦਿਨਾਂ ਪਿਛੋਂ ਤਿਆਰ ਹੋ ਜਾਂਦਾ ਹੈ, ਉਸ ਪਿਛੋਂ ਸਰਦੀਆਂ ਵਿੱਚ 40 ਦਿਨਾਂ ਪਿਛੋਂ ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫੇ ਤੇ ਲੌਅ ਲਏ ਜਾ ਸਕਦੇ ਹਨ। | 380-440 |
| ਸ਼ਫਤਲ | ਸ਼ਅ 69 | ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫਤੇ ਤੱਕ | 4-5 | ਛੱਟੇ ਨਾਲ | ਪਹਿਲਾ ਲੌਅ, ਬਿਜਾਈ ਤੋਂ ਤਕਰੀਬਨ 55-65 ਦਿਨਾਂ ਪਿਛੋਂ ਤਿਆਰ ਹੋ ਜਾਂਦਾ ਹੈ, ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫੇ ਤੇ ਲੌਅ ਲਏ ਜਾ ਸਕਦੇ ਹਨ। | 390 |
| ਲੂਸਣ | ਐਲ.ਐਲ.ਸੀ-5 | ਅੱਧ ਅਕਤੂਬਰ | 6-8 | 30 | ਪਹਿਲਾ ਲੌਅ, ਬਿਜਾਈ ਤੋਂ ਤਕਰੀਬਨ 65-55 ਦਿਨਾਂ ਪਿਛੋਂ ਤਿਆਰ ਹੋ ਜਾਂਦਾ ਹੈ, ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫੇ ਤੇ ਲੌਅ ਲਏ ਜਾ ਸਕਦੇ ਹਨ। | 280-300 |
| ਸੇਂਜੀ | ਵਾਈ ਐਸ ਐਲ -106, ਸੇਂਜੀ ਸਫੈਦ-76 | ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਦੇ ਆਖਰੀ ਹਫਤੇ, ਨਵੰਬਰ ਦਾ ਦੂਜਾ ਪੰਦਰਵਾੜਾ | 15 | 30 | ਫੁੱਲ ਪੈ ਜਾਣ ਤੇ ਕੱਟ ਲਵੋ (110-115 ਦਿਨ ਬਿਜਾਈ ਤੋਂ ਬਾਅਦ) | 128 |
| ਬਿਨਾਂ ਫਲੀਦਾਰ | | | | | | |
| ਜਵੀ | ਓ ਐੱਲ-12, ਓ ਐੱਲ-11, ਓ ਐੱਲ-10, ਓ ਐੱਲ-9 ਅਤੇ ਕੈਟ | ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫਤੇ | 25 | 25 | ਇਕ ਕਟਾਈ ਦੇਣ ਵਾਲੀ ਕਿਸਮ ਗੋਭ ਵਿੱਚ ਸਿੱਟਾ ਬਣਨ ਤੋਂ ਲੈ ਕੇ ਦੁਧੀਆ ਦਾਣਿਆਂ ਦੀ ਹਾਲਤ ਵਿਚ ਚਾਰੇ ਲਈ ਕੱਟ ਲੈਣ ਦੋ ਕਟਾਈਆਂ ਦੇਣ ਵਾਲੀ ਕਿਸਮ ਦੀ ਪਹਿਲੀ ਕਟਾਈ ਬਿਜਾਈ ਤੋਂ 65-70 ਦਿਨਾਂ ਬਾਅਦ ਕਰੋ ਅਤੇ ਦੂਜੀ ਕਟਾਈ ਗੋਭ ਵਿੱਚ ਕਰੋ। | 210-230 |
| ਰਾਈ ਘਾਹ | ਪੰਜਾਬ ਰਾਈਗਰਾਸ ਨੰ.-1 | ਅਕਤੂਬਰ ਦੇ ਦੂਜੇ ਹਫਤੇ | 4 | ਛੱਟੇ ਨਾਲ | ਪਹਿਲਾ ਕਟਾਈ ਬਿਜਾਈ ਤੋਂ ਤਕਰੀਬਨ 55-65 ਦਿਨਾਂ ਪਿਛੋਂ ਤਿਆਰ ਹੋ ਜਾਂਦੀ ਹੈ ਅਤੇ ਬਾਅਦ ਵਿੱਚ 30 ਦਿਨਾਂ ਦੇ ਅੰਤਰਾਲ | 325 |

ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐੱਲ) ਨਹਿਰ ਨੇ ਪੰਜਾਬ ਰਾਜ ਵਿਚ ਵਗਦਾ ਰਾਵੀ/ਬਿਆਸ ਦਰਿਆ ਦਾ ਪਾਣੀ ਹਰਿਆਣਾ ਵਿਚ ਵਗਦੀ ਪੱਛਮੀ ਯਮੁਨਾ ਨਹਿਰ ਤੱਕ ਲੈ ਜਾਣਾ ਹੈ । ਇਸ ਐਸ. ਵਾਈ. ਐੱਲ. ਨਹਿਰ ਰਾਹੀਂ 35 ਲੱਖ ਏਕੜ ਫੁੱਟ ਪਾਣੀ ਲੈ ਕੇ ਜਾਣ ਲਈ 6500 ਕਿਊਸਿਕ ਦੀ ਸਮਰੱਥਾ ਵਾਲੀ 212 ਕਿਲੋਮੀਟਰ ਲੰਮੀ ਨਹਿਰ ਬਣਾਈ ਗਈ ਹੈ, ਜਿਸ ਦੀ 121 ਕਿਲੋਮੀਟਰ ਲੰਬਾਈ ਪੰਜਾਬ ਰਾਜ ਵਿਚ ਪੈਂਦੀ ਹੈ । ਇੱਥੇ ਇਹ ਦੱਸਣਾ ਮੁਨਾਸਿਬ ਹੋਵੇਗਾ ਕਿ ਇਸ 35 ਲੱਖ ਏਕੜ ਫੁੱਟ ਪਾਣੀ ਵਿਚੋਂ 16.20 ਲੱਖ ਏਕੜ ਫੁੱਟ ਪਾਣੀ ਵਿਚੋਂ ਪਹਿਲਾਂ ਹੀ ਹਰਿਆਣਾ ਨੂੰ ਭਾਖੜਾ ਨਹਿਰ ਰਾਹੀਂ ਜਾ ਰਿਹਾ ਹੈ, ਇਸ ਲਈ ਹੁਣ ਮਸਲਾ ਬਾਕੀ ਦੇ 18.80 ਲੱਖ ਏਕੜ ਫੁੱਟ ਪਾਣੀ ਨੂੰ ਹਰਿਆਣਾ ਰਾਜ ਵਿਚ ਲੈ ਕੇ ਜਾਣ ਦਾ ਹੈ ਅਤੇ ਇਸੇ ਤਰਾਂ ਹੀ 6 ਲੱਖ ਏਕੜ ਫੁੱਟ ਹੋਰ ਪਾਣੀ ਰਾਜਸਥਾਨ ਨੂੰ ਇੰਦਰਾ ਗਾਂਧੀ ਨਹਿਰ ਜੋ ਹਰੀਕੇ ਤੋਂ ਨਿਕਲਦੀ ਹੈ, ਰਾਹੀਂ ਭੇਜੇ ਜਾਣ ਦਾ ਮਸਲਾ ਪੰਜਾਬ ਨੂੰ ਦਰਪੇਸ਼ ਹੈ, ਭਾਵੇਂ ਕਿ ਰਾਜਸਥਾਨ ਨੂੰ ਪਹਿਲਾਂ ਹੀ ਇਹ ਨਹਿਰ ਰਾਹੀਂ 80 ਲੱਖ ਏਕੜ ਫੁੱਟ ਪਾਣੀ ਜਾ ਰਿਹਾ ਹੈ ।



# ਸਤਲੁਜ-ਯਮੁਨਾ ਲਿੰਕ ਨਹਿਰ ਤੱਥਾਂ ਨੂੰ ਸਮਝਣ ਦੀ ਲੋੜ



ਕਾਹਨ ਸਿੰਘ ਪੰਨੂ,
ਸਾਬਕਾ ਆਈ. ਏ. ਐਸ. ਅਧਿਕਾਰੀ,
ਮੋ. 94171-11922

**ਸਮਝੌਤੇ ਅਤੇ ਲਿੰਕ ਨਹਿਰ :** ਮਿਤੀ 31 ਦਸੰਬਰ, 1981 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਜੂਦਗੀ ਵਿਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵਿਚਕਾਰ ਹੋਏ ਸਮਝੌਤੇ ਅਨੁਸਾਰ ਰਾਵੀ ਅਤੇ ਬਿਆਸ ਦਰਿਆਵਾਂ ਵਿਚ 171.70 ਲੱਖ ਏਕੜ ਫੁੱਟ ਵਾਧੂ ਪਾਣੀ ਵਿੱਚੋਂ ਪੰਜਾਬ ਨੂੰ 42.20, ਰਾਜਸਥਾਨ ਨੂੰ 86.00 ਅਤੇ ਹਰਿਆਣਾ ਨੂੰ 35.00 ਲੱਖ ਏਕੜ ਫੁੱਟ ਪਾਣੀ ਦਿੱਤੇ ਜਾਣ ਦਾ ਫੈਸਲਾ ਹੋਇਆ । ਇਸ ਤੋਂ ਇਲਾਵਾ ਜੰਮੂ ਕਸ਼ਮੀਰ ਨੂੰ 6.50 ਅਤੇ ਦਿੱਲੀ ਨੂੰ 2.00 ਲੱਖ ਏਕੜ ਫੁੱਟ ਪਾਣੀ ਦਿੱਤੇ ਜਾਣ ਦਾ ਫੈਸਲਾ ਵੀ ਇਸੇ ਸਮਝੌਤੇ ਅਧੀਨ ਮਿੱਥਿਆ ਗਿਆ । ਇਸ ਤਰ੍ਹਾਂ ਰਾਵੀ, ਬਿਆਸ ਦਰਿਆਵਾਂ ਦਾ 75 ਫੀਸਦੀ ਪਾਣੀ ਪੰਜਾਬ ਤੋਂ ਬਹੁਤ ਦੂਰ ਉਨ੍ਹਾਂ ਰਾਜਾਂ ਨੂੰ ਦੇ ਦਿੱਤਾ ਗਿਆ, ਜਿਨ੍ਹਾਂ ਵਿਚ ਇਹ ਦਰਿਆ ਵਗਦੇ ਹੀ ਨਹੀਂ ।

ਇਹ ਸਮਝੌਤਾ ਗੈਰ-ਸੰਵਿਧਾਨਿਕ, ਗੈਰ-ਕਾਨੂੰਨੀ, ਗੈਰ-ਇਖਲਾਕੀ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ ਰਿਪੇਰੀਅਨ ਅਤੇ ਦਰਿਆਈ ਬੇਸਿਨਾਂ ਦੇ ਸਿਧਾਂਤਾਂ ਦੇ ਵੀ ਬਿਲਕੁਲ ਉਲਟ ਸੀ ਅਤੇ ਇਸ ਤਰ੍ਹਾਂ ਦੇ ਧੱਕੇਸ਼ਾਹੀ ਵਾਲੇ ਸਮਝੌਤੇ ਦੀ ਮਿਸਾਲ ਭਾਰਤ ਜਾਂ ਦੁਨੀਆ ਵਿਚ ਕਿਸੇ ਨਹੀਂ ਮਿਲਦੀ । ਇਨ੍ਹਾਂ ਮਸਲਿਆਂ ਬਾਰੇ ਪਹਿਲਾਂ ਹੀ ਬਹੁਤ ਕੁਝ ਲਿਖਿਆ ਅਤੇ ਬੋਲਿਆ ਜਾ ਚੁੱਕਿਆ ਹੈ । ਇਹ ਵੀ ਦੱਸ ਦੇਣਾ ਮੁਨਾਸਿਬ ਹੋਵੇਗਾ ਕਿ ਇਸ ਤੋਂ ਵੀ ਪਹਿਲਾਂ ਦੇਸ਼ ਦੀ ਵੰਡ ਤੋਂ ਬਾਅਦ 29 ਜਨਵਰੀ, 1955 ਅਤੇ 24 ਮਾਰਚ, 1976 ਨੂੰ ਵੀ ਲਗਭਗ ਇਸੇ ਕਿਸਮ ਦੇ ਫੈਸਲੇ ਭਾਰਤ ਸਰਕਾਰ ਦੇ ਪੱਧਰ 'ਤੇ ਇਕ ਪਾਸੜ ਤੌਰ 'ਤੇ ਲੈ ਕੇ ਪੰਜਾਬ ਨਾਲ ਪਾਣੀਆਂ ਦੀ ਵੰਡ ਕੇ ਧੱਕਿਆਂ ਦਾ ਮੁੱਢ ਬੰਨ੍ਹ ਦਿੱਤਾ ਗਿਆ ਸੀ । ਪਰ ਐਸ. ਵਾਈ. ਐੱਲ. ਦਾ ਮੌਜੂਦਾ ਸਾਰਾ ਮਾਮਲਾ 31 ਦਸੰਬਰ, 1981 ਨੂੰ ਹੋਏ ਸਮਝੌਤੇ 'ਤੇ ਆਧਾਰਿਤ ਹੈ । ਸਾਲ 1996 ਵਿਚ ਹਰਿਆਣਾ ਵਲੋਂ ਇਹ ਲਿੰਕ ਨਹਿਰ ਬਣਾਉਣ ਲਈ ਕੀਤੇ ਕੇਸ 'ਤੇ ਸੰਨ 2002 ਵਿਚ ਫੈਸਲਾ ਕਰਦੇ ਸਮੇਂ ਸੁਪਰੀਮ ਕੋਰਟ ਵਲੋਂ ਹਰਿਆਣਾ ਦੇ ਹੱਕ ਵਿਚ ਐਸ. ਵਾਈ. ਐਲ ਨਹਿਰ ਬਣਾਉਣ ਲਈ ਡਿਕਰੀ ਦੇ ਦਿੱਤੀ ਗਈ । ਇਕ ਡਿਕਰੀ ਅਧੀਨ ਹੁਕਮ ਕੀਤੇ ਗਏ ਕਿ ਇਹ ਨਹਿਰ ਜਲਦੀ ਤਿਆਰ ਕੀਤੀ ਜਾਵੇ । ਉਪਰੰਤ ਹਰਿਆਣਾ ਵਲੋਂ ਫੈਸਲਾ ਲਾਗੂ ਕਰਨ ਲਈ ਸੁਪਰੀਮ ਕੋਰਟ ਵਿਚ ਪਾਈ ਅਜਰਾਏ ਦੀ ਅਰਜ਼ੀ 'ਤੇ ਸੁਣਵਾਈ ਕਰਦੇ ਹੋਏ ਇਸ ਮਹੀਨੇ ਸੁਪਰੀਮ ਕੋਰਟ ਨੇ ਇਹ ਲਿੰਕ ਨਹਿਰ ਬਣਾਉਣ ਦੀ ਦਿਸ਼ਾ ਵਿਚ ਨਹਿਰ ਦੇ ਸਰਵੇ ਦਾ ਹੁਕਮ ਦਿੱਤਾ ਹੈ । ਪੰਜਾਬ ਵਲੋਂ ਜਦੋਂ ਵੀ ਸੁਪਰੀਮ ਕੋਰਟ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਪੰਜਾਬ ਪਾਸ ਇਸ ਨਹਿਰ ਰਾਹੀਂ ਛੱਡਣ ਜੋਗਾ ਪਾਣੀ ਹੈ ਹੀ ਨਹੀਂ ਤਾਂ ਸੁਪਰੀਮ ਕੋਰਟ ਦਾ ਤਰਕ ਹੁੰਦਾ ਹੈ ਕਿ ਉਹ ਸੰਨ 2002 ਦੀ ਪਾਸ ਕੀਤੀ ਡਿਕਰੀ ਅਨੁਸਾਰ ਕੇਵਲ ਨਹਿਰ ਬਚਾਉਣ ਲਈ ਹੀ ਕਹਿ ਰਹੇ ਹਨ ਨਾ ਕਿ ਪਾਣੀ ਛੱਡਣ ਲਈ । ਇਸ ਮਹੀਨੇ ਕੋਰਟ ਵਿਚ ਸੁਣਵਾਈ ਦੌਰਾਨ ਪੰਜਾਬ ਦੇ ਵਕੀਲਾਂ ਨੇ ਦਲੀਲ ਦਿੱਤੀ ਹੈ ਕਿ ਪਾਣੀ ਦੀ ਅਣਹੋਂਦ ਵਿਚ ਬਣੀ ਹੋਈ ਨਹਿਰ ਇਕ ਗੈਰ ਪੈਦਾਵਾਰੀ ਦਰਸ਼ਨੀ ਸਮਾਰਕ ਬਣ ਕੇ ਰਹਿ ਜਾਵੇਗੀ ।

**ਰਾਵੀ ਬਿਆਸ ਵਿਚ ਪਾਣੀ ਦਾ ਘਟਣਾ :** ਜਦੋਂ 31 ਦਸੰਬਰ, 1981 ਦਾ ਸਮਝੌਤਾ ਹੋਇਆ ਸੀ ਤਾਂ ਰਾਵੀ ਬਿਆਸ ਦਰਿਆ ਵਿਚ 171.70 ਲੱਖ ਏਕੜ ਫੁੱਟ ਵਾਧੂ ਪਾਣੀ ਅੰਕਿਆ ਗਿਆ ਸੀ ਅਤੇ ਇਹ ਅੰਕੜਾ ਸੰਨ 1921 ਤੋਂ 1960 ਦੇ 40 ਸਾਲਾਂ ਦੇ ਸਮੇਂ ਦੌਰਾਨ ਇਨ੍ਹਾਂ ਦਰਿਆਵਾਂ ਵਿਚ ਵਗੇ ਪਾਣੀ ਦੀ ਔਸਤ ਮਾਤਰਾ 'ਤੇ ਆਧਾਰਿਤ ਸੀ । 1981 ਤੋਂ 2013 ਦੌਰਾਨ ਇਨ੍ਹਾਂ ਦਰਿਆਵਾਂ ਵਿਚ ਵਗਦੇ ਪਾਣੀ ਦੀ ਔਸਤ ਮਾਤਰਾ 133.80 ਲੱਖ ਏਕੜ ਫੁੱਟ ਰਹਿ ਗਈ ਸੀ ਅਤੇ ਹੁਣ 1981 ਤੋਂ 2021 ਤੱਕ ਦੇ 40 ਸਾਲਾਂ ਦੌਰਾਨ ਇਨ੍ਹਾਂ ਦਰਿਆਵਾਂ ਵਿਚ ਵਗਦੇ ਪਾਣੀ ਦੀ ਮਿਕਦਾਰ ਕੇਵਲ 129.30 ਲੱਖ ਏਕੜ ਫੁੱਟ ਰਹਿ ਗਈ ਹੈ, ਜੋ ਕਿ 1981 ਵਿਚ ਅੰਕੇ ਪਾਣੀ ਤੋਂ 30 ਪ੍ਰਤੀਸ਼ਤ ਘਟ ਗਈ ਹੈ ।

ਰਾਵੀ ਬਿਆਸ ਦਰਿਆਵਾਂ ਦੇ ਦੋ ਰਿਪੇਰੀਅਨ ਸੂਬੇ ਪੰਜਾਬ ਅਤੇ ਜੰਮੂ ਕਸ਼ਮੀਰ ਨੂੰ ਜੋ 42.20 ਅਤੇ 6.50 (ਕੁੱਲ 48.70) ਲੱਖ ਏਕੜ ਫੁੱਟ ਪਾਣੀ ਦਿੱਤਾ ਗਿਆ ਸੀ, ਉਹ ਇਨ੍ਹਾਂ ਸੂਬਿਆਂ ਲਈ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ, ਕਿਉਂਕਿ ਇਹ ਸੂਬੇ ਇਨ੍ਹਾਂ ਦਰਿਆਵਾਂ ਦੇ ਹੜ੍ਹਾਂ ਕਾਰਨ ਨੁਕਸਾਨ ਵੀ ਝੱਲਦੇ ਹਨ ਅਤੇ ਸਟੇਟ ਦਾ ਵੱਡਾ ਰਕਬਾ ਇਨ੍ਹਾਂ ਦਰਿਆਵਾਂ ਥੱਲੇ ਆਇਆ ਹੋਣ ਕਾਰਨ ਗੈਰ ਪੈਦਾਵਾਰੀ ਹੋ ਜਾਂਦਾ ਹੈ, ਜਦੋਂ ਕਿ ਹਰਿਆਣਾ ਅਤੇ ਰਾਜਸਥਾਨ ਇਨ੍ਹਾਂ ਦਰਿਆਵਾਂ ਦੇ ਪਾਣੀ ਤੋਂ ਕੇਵਲ ਫਾਇਦਾ ਹੀ ਉਠਾਉਂਦੇ ਹਨ । ਇਸ ਤਰ੍ਹਾਂ ਪੰਜਾਬ ਅਤੇ ਜੰਮੂ ਕਸ਼ਮੀਰ ਦੇ 48.70 ਲੱਖ ਏਕੜ ਫੁੱਟ ਪਾਣੀ ਦੀ ਪੂਰਤੀ ਕਰਨ ਤੋਂ ਬਾਅਦ ਇਨ੍ਹਾਂ ਦਰਿਆਵਾਂ ਵਿਚ ਕੇਵਲ 80.80 ਲੱਖ ਏਕੜ ਫੁੱਟ ਪਾਣੀ ਹੀ ਬਚਦਾ ਹੈ । ਪਰ ਦਿਲਚਸਪੀ ਭਰਿਆ ਦੁਖਾਂਤ ਇਹ ਹੈ ਕਿ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਪਹਿਲਾਂ ਹੀ ਕ੍ਰਮਵਾਰ 80.00, 16.20 ਅਤੇ 2.0 (ਕੁੱਲ 98.20) ਲੱਖ ਏਕੜ ਫੁੱਟ ਪਾਣੀ ਅਲਾਟ ਹੋਣ ਉਪਰੰਤ ਬਣਦੀ ਰੇਸ਼ੋ ਅਨੁਸਾਰ ਵਗ ਰਿਹਾ ਹੈ । ਇਸ ਲਈ ਜੇਕਰ 1981 ਵਿਚ ਹੋਏ ਸਮਝੌਤੇ ਅਨੁਸਾਰ ਐਸ. ਵਾਈ. ਐੱਲ. ਨਹਿਰ ਰਾਹੀਂ 18.80 ਲੱਖ ਏਕੜ ਫੁੱਟ ਪਾਣੀ ਹੋਰ ਹਰਿਆਣਾ ਨੂੰ ਅਤੇ ਰਾਜਸਥਾਨ ਫੀਡਰ ਨਹਿਰ ਰਾਹੀਂ 6.00 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਹੋਰ ਦੇਣ ਦਾ ਹੁਕਮ ਲਾਗੂ ਹੋ ਜਾਂਦਾ ਹੈ ਤਾਂ ਇਹ ਪਾਣੀ ਕਿੱਥੋਂ ਆਵੇਗਾ, ਇਸ ਬਾਰੇ ਸੁਪਰੀਮ ਕੋਰਟ, ਭਾਰਤ ਸਰਕਾਰ ਅਤੇ ਹਰਿਆਣਾ/ਰਾਜਸਥਾਨ ਦੀਆਂ ਸਰਕਾਰਾਂ ਤਰਕ ਵਿਚਾਰ ਸਹਿਤ ਕੋਈ ਵੀ ਗੱਲ ਕਰਨ ਲਈ ਤਿਆਰ ਨਹੀਂ ਹਨ ।

**ਹਰਿਆਣਾ/ਰਾਜਸਥਾਨ ਨੂੰ ਪੰਜਾਬ 'ਚੋਂ ਜਾਂਦਾ ਪਾਣੀ :** ਭਾਰਤ ਦੇ ਸੰਵਿਧਾਨ ਦੀ ਧਾਰਾ 262 ਅਨੁਸਾਰ ਜੋ ਦਰਿਆ ਅੰਤਰਰਾਜੀ ਦਰਿਆ ਨਹੀਂ ਹਨ, ਉਨ੍ਹਾਂ ਦਰਿਆਵਾਂ 'ਤੇ ਉਸੇ ਰਾਜ ਦਾ ਕੰਟਰੋਲ ਹੈ ਜਿਸ ਵਿਚੋਂ ਉਹ ਵਹਿੰਦੇ ਹਨ ਅਤੇ ਭਾਰਤ ਸਰਕਾਰ ਅਜਿਹੇ ਦਰਿਆਵਾਂ ਬਾਰੇ ਕੋਈ ਕਾਨੂੰਨ ਨਹੀਂ ਬਣਾ ਸਕਦੀ ਹੈ । ਅੰਤਰਰਾਜੀ ਦਰਿਆਵਾਂ ਬਾਰੇ ਭਾਰਤ ਸਰਕਾਰ ਨੇ 1956 ਵਿਚ ਵੱਖਰਾ ਕਾਨੂੰਨ ਬਣਾ ਦਿੱਤਾ ਜਿਸ ਦੀ ਧਾਰਾ 7 ਅਨੁਸਾਰ ਕੋਈ ਸਟੇਟ ਅੰਤਰਰਾਜੀ ਦਰਿਆ ਦੇ ਵਗਦੇ ਪਾਣੀ ਦੀ ਕੀਮਤ ਵਸੂਲ ਨਹੀਂ ਕਰ ਸਕਦੀ । ਪੰਜਾਬ ਵਿਚ ਵਗਦੇ ਰਾਵੀ ਅਤੇ ਬਿਆਸ ਦਰਿਆ ਰਾਜਸਥਾਨ ਅਤੇ ਹਰਿਆਣਾ ਰਾਜ ਨਾਲ ਕਿਸੇ ਵੀ ਤਰ੍ਹਾਂ ਅੰਤਰਰਾਜੀ ਦਰਿਆ ਨਹੀਂ ਹਨ, ਇਸ ਲਈ ਇਹ ਦਰਿਆ ਸੰਵਿਧਾਨ ਦੀ ਧਾਰਾ 262 ਅਤੇ ਅੰਤਰਰਾਜੀ ਦਰਿਆਈ ਪਾਣੀਆਂ ਦੇ ਝਗੜੇ ਕਾਨੂੰਨ 1956 ਅਧੀਨ ਵੀ ਨਹੀਂ ਆਉਂਦੇ । ਇਸ ਲਈ ਇਨ੍ਹਾਂ ਪਾਣੀਆਂ ਤੇ ਪੰਜਾਬ ਦਾ ਪੂਰਾ ਹੱਕ ਹੈ । ਇੱਥੇ ਇਹ ਦੱਸਣਾ ਮੁਨਾਸਿਬ ਹੋਵੇਗਾ ਕਿ ਸਤਲੁਜ ਦਰਿਆ 'ਤੇ ਭਾਖੜਾ ਡੈਮ ਬਣਨ ਸਮੇਂ ਇਸ ਡੈਮ ਦੀ ਪ੍ਰੋਜੈਕਟ ਰਿਪੋਰਟ ਅਨੁਸਾਰ ਹਰਿਆਣਾ ਅਤੇ ਰਾਜਸਥਾਨ ਨੂੰ ਸਤਲੁਜ ਦਰਿਆ ਦਾ 43.30 ਅਤੇ 14.30 ਲੱਖ ਏਕੜ ਫੁੱਟ ਪਾਣੀ ਕ੍ਰਮਵਾਰ ਦੇ ਦਿੱਤਾ ਗਿਆ ਜੋ ਕਿ 1954 ਤੋਂ ਲਗਾਤਾਰ ਭਾਖੜਾ ਨਹਿਰ ਰਾਹੀਂ ਜਾ ਰਿਹਾ ਹੈ ਜਿਸ ਬਾਰੇ ਕਿਤੇ ਕੋਈ ਝਗੜਾ ਨਹੀਂ ਹੈ ।

**ਹਰਿਆਣਾ ਪਾਸ ਹੋਰ ਪਾਣੀ :** ਇਸ ਤੋਂ ਇਲਾਵਾ ਹਰਿਆਣਾ ਨੂੰ ਯਮੁਨਾ ਦਰਿਆ 'ਚੋਂ ਪੱਛਮੀ ਯਮੁਨਾ ਨਹਿਰ ਰਾਹੀਂ 26.40 ਲੱਖ ਏਕੜ ਫੁੱਟ ਪਾਣੀ 1966 ਤੋਂ ਪਹਿਲਾਂ ਤੋਂ ਹੀ ਮਿਲ ਰਿਹਾ ਹੈ । ਸਾਲ 1994 ਵਿਚ ਹਰਿਆਣਾ, ਯੂ. ਪੀ. ਅਤੇ ਦਿੱਲੀ ਦੀਆਂ ਸਰਕਾਰਾਂ ਵਿਚਕਾਰ ਹੋਏ ਸਮਝੌਤੇ ਅਨੁਸਾਰ ਯਮੁਨਾ ਦਰਿਆ ਵਿਚੋਂ ਹਰਿਆਣਾ ਨੂੰ 20.01 ਲੱਖ ਏਕੜ ਫੁੱਟ ਪਾਣੀ ਹੋਰ ਮਿਲਣਾ ਹੈ, ਜਿਸ ਲਈ ਯਮੁਨਾ 'ਤੇ ਹੋਰ ਡੈਮ ਬਣਾਏ ਜਾਣੇ ਹਨ । ਹੈਰਾਨੀ ਦੀ ਗੱਲ ਇਹ ਹੈ ਕਿ ਹਰਿਆਣਾ, ਦਿੱਲੀ ਅਤੇ ਯੂ.ਪੀ. ਵਲੋਂ 1994 ਦੇ ਸਮਝੌਤੇ ਅਨੁਸਾਰ ਯਮੁਨਾ 'ਤੇ ਡੈਮ ਬਣਾ ਕੇ ਹੋਰ ਵਾਧੂ ਪਾਣੀ ਲੈਣ ਲਈ ਕੋਈ ਖਾਸ ਚਾਰਾਜੋਈ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਯਮੁਨਾ ਦਰਿਆ ਦਾ ਵਾਧੂ ਪਾਣੀ ਵਿਅਰਥ ਜਾ ਰਿਹਾ ਹੈ ।

ਇਸ ਦੇ ਨਾਲ ਹੀ ਇਹ ਵੀ ਦੱਸਿਆ ਜਾਣਾ ਮੁਨਾਸਿਬ ਹੋਵੇਗਾ ਕਿ ਭਾਰਤ ਸਰਕਾਰ ਸ਼ਾਰਦਾ-ਯਮੁਨਾ-ਸਾਬਰਮਤੀ ਲਿੰਕ ਨਹਿਰ ਬਣਾਉਣ ਲਈ ਬਣੇ ਹੋਏ ਪ੍ਰੋਜੈਕਟ ਨੂੰ ਤੇਜ਼ੀ ਨਾਲ ਲਾਗੂ ਕਰਨਾ ਜ਼ਰੂਰੀ ਹੈ । ਇਸ ਪ੍ਰੋਜੈਕਟ ਅਧੀਨ ਲਗਭਗ 30000 ਕਿਊਸਿਕ ਪਾਣੀ ਦੀ ਨਹਿਰ ਨੇਪਾਲ ਦੀ ਸਰਹੱਦ ਨੇੜੇ ਵਗਦੇ ਸ਼ਾਰਦਾ ਦਰਿਆ ਤੋਂ ਲੈ ਕੇ ਉੱਤਰਾਖੰਡ, ਯੂ. ਪੀ., ਹਰਿਆਣਾ, ਰਾਜਸਥਾਨ ਅਤੇ ਗੁਜਰਾਤ 'ਚੋਂ ਲੰਘਦੇ ਹੋਏ ਸਾਬਰਮਤੀ ਦਰਿਆ ਤੱਕ ਬਣਾਈ ਜਾਣੀ ਹੈ, ਜਿਸ ਵਿਚੋਂ ਹਰਿਆਣਾ ਅਤੇ ਰਾਜਸਥਾਨ ਨੂੰ ਮੁਨਾਸਿਬ ਵਾਧੂ ਪਾਣੀ ਮਿਲਣਾ ਹੈ । ਸਾਰੀਆਂ ਧਿਰਾਂ ਵਲੋਂ ਇਕੱਠੇ ਹੋ ਕੇ ਕੇਂਦਰ ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਇਸ ਨਹਿਰ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਹਿਤ ਕਾਰਵਾਈ ਕੀਤੀ ਜਾਵੇ । ਸੋ ਉਕਤ ਤੱਥਾਂ ਦੀ ਰੌਸ਼ਨੀ ਵਿਚ ਰਾਵੀ ਬਿਆਸ ਦੇ ਪਾਣੀਆਂ ਨੂੰ ਐਸ.ਵਾਈ.ਐੱਲ ਨਹਿਰ ਰਾਹੀਂ ਹਰਿਆਣਾ ਦੇ ਅਤੇ ਇੰਦਰਾ ਗਾਂਧੀ ਨਹਿਰ ਰਾਹੀਂ ਰਾਜਸਥਾਨ ਦੇ ਦੂਰ ਦੁਰਾਡੇ ਖੇਤਰਾਂ ਨੂੰ ਦੇਣ ਦੇ ਮਸਲੇ ਨੂੰ ਰਾਸ਼ਟਰੀ/ਅੰਤਰਰਾਸ਼ਟਰੀ, ਸੰਵਿਧਾਨਿਕ ਅਤੇ ਕਾਨੂੰਨੀ ਸੰਦਰਭ ਵਿਚ ਵਿਚਾਰਦੇ ਹੋਏ ਇਸ ਮਸਲੇ 'ਤੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਵੰਡਣ ਅਤੇ ਨਹਿਰ ਬਣਾਉਣ ਦੀ ਜ਼ਿੱਦ ਦੀ ਰਾਜਨੀਤੀ ਬੰਦ ਕਰਨੀ ਚਾਹੀਦੀ ਹੈ । ਇਸ ਲਈ ਜ਼ਰੂਰੀ ਹੈ ਕਿ ਪੰਜਾਬ ਵਲੋਂ ਸੁਪਰੀਮ ਕੋਰਟ ਵਿਚ ਦਾਇਰ ਕੀਤੇ ਕੇਸ ਨੰਬਰ 1 ਆਫ 2007, ਜਿਸ ਰਾਹੀਂ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 78 ਅਤੇ ਧਾਰਾ 79 ਨੂੰ ਗੈਰ-ਸਵਿੰਧਾਨਿਕ ਮੰਨਦੇ ਹੋਏ ਚੁਣੌਤੀ ਦਿੱਤੀ ਗਈ ਹੈ, ਦੀ ਸੁਣਵਾਈ ਜਲਦੀ ਤੋਂ ਜਲਦੀ ਸ਼ੁਰੂ ਕਰਨ ਦੀ ਬੇਨਤੀ ਕੀਤੀ ਜਾਵੇ । ਇੱਥੇ ਇਹ ਦੱਸਿਆ ਜਾਣਾ ਬਣਦਾ ਹੈ ਕਿ ਉਕਤ ਦੱਸੀ ਧਾਰਾ 78 ਅਤੇ 79 ਅਧੀਨ ਪੰਜਾਬ ਦੇ ਬਿਆਸ ਦਰਿਆ ਦੇ ਪਾਣੀ ਨੂੰ ਵੰਡਣ ਦੀ ਤਾਕਤ ਭਾਰਤ ਸਰਕਾਰ ਨੂੰ ਦਿੱਤੀ ਗਈ ਹੈ । ਇਸੇ ਤਰਾਂ ਕੇਸ ਨੰਬਰ 1 ਆਫ 2015 ਜਿਸ ਰਾਹੀਂ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਦਰਿਆਵਾਂ ਵਿਚ ਘਟੇ ਹੋਏ ਪਾਣੀ ਦੇ ਪੱਧਰ ਦੀ ਰੌਸ਼ਨੀ ਵਿਚ ਨਵੇਂ ਸਿਰੇ ਤੋਂ ਟ੍ਰਿਬਿਊਨਲ ਬਣਾਉਣ ਲਈ ਬੇਨਤੀ ਕੀਤੀ ਹੋਈ ਹੈ, 'ਤੇ ਵੀ ਸੁਣਵਾਈ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ ਤਾਂ ਜੋ ਇਹ ਸਪੱਸ਼ਟ ਹੋ ਸਕਦੇ ਕਿ ਪੰਜਾਬ ਪਾਸ ਦੂਜੇ ਰਾਜਾਂ ਨੂੰ ਵੰਡਣਯੋਗ ਪਾਣੀ ਨਹੀਂ ਹੈ ਅਤੇ ਇਸ ਨਾਲ ਐਸ. ਵਾਈ. ਐਲ. ਨਹਿਰ ਬਣਾਉਣ ਦੀ ਵੀ ਕੋਈ ਜ਼ਰੂਰਤ ਨਹੀਂ ਹੈ ।



# ਡੀ ਏ ਪੀ ਖਾਦ ਦੀ ਘਾਟ ਨਾਲ ਜੂਝਦਾ ਪੰਜਾਬ

ਕਸ਼ਮੀਰ ਸਿੰਘ, ਮੁਕਤਸਰ
ਮੋਬਾ : 98721-64222

ਝੋਨੇ ਦੀ ਫਸਲ ਦੀ ਵਢਾਈ ਜ਼ੋਰਾਂ 'ਤੇ ਹੈ। ਕਣਕ ਦੀ ਬਿਜਾਈ ਸ਼ੁਰੂ ਹੋ ਗਈ ਹੈ ਅਤੇ ਬਿਜਾਈ ਲਈ ਡੀ ਏ ਪੀ ਖਾਦ ਦੀ ਜ਼ਰੂਰਤ ਹੁੰਦੀ ਹੈ। ਕਣਕ ਬੀਜਣ ਲਈ ਇਕ ਕਿੱਲੇ ਲਈ ਇਕ ਗੱਟਾ ਡੀ ਏ ਪੀ ਖਾਦ ਦੀ ਜ਼ਰੂਰਤ ਪੈਂਦੀ ਹੈ ਤੇ ਇਸ ਤੋਂ ਬਅਦ ਕਣਕ ਦੇ ਵਾਧੇ ਲਈ 2 ਤੋਂ 3 ਗੱਟੇ ਯੂਰੀਆ ਖਾਦ ਦੀ ਲੋੜ ਪੈਂਦੀ ਹੈ। ਪਿਛਲੇ ਸਾਲਾਂ 'ਚ ਸਤੰਬਰ ਮਹੀਨੇ 'ਚ ਪਿੰਡਾਂ ਦੀਆਂ ਸੁਸਾਇਟੀਆਂ 'ਚ ਤੇ ਬਾਜ਼ਾਰ ਵਿਚ ਡੀ ਏ ਪੀ ਖਾਦ ਆਮ ਹੋ ਜਾਂਦੀ ਸੀ ਪਰ ਪਿਛਲੇ 2-3 ਸਾਲਾਂ ਤੋਂ ਪੰਜਾਬ ਸਰਕਾਰ ਵਲੋਂ ਖਾਦ ਵੰਡਣ ਦੀ ਪ੍ਰਕਿਰਿਆ 'ਚ ਫੇਰ-ਬਦਲ ਕਰਨ ਕਰ ਕੇ ਇਹ ਸੰਕਟ ਖੜ੍ਹਾ ਹੋ ਜਾਂਦੈ। ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਦੇ ਕਿਸਾਨਾਂ ਵਲ ਫਸੇ ਰੁਪਏ ਦੀ ਰਿਕਵਰੀ ਲਈ ਪੰਜਾਬ ਸਰਕਾਰ ਨੇ ਇਹੋ ਫੈਸਲਾ ਲਿਆ ਕਿ 60 ਫੀ ਸਦੀ ਡੀ ਏ ਪੀ ਯੂਰੀਆ ਖਾਦ ਸੁਸਾਇਟੀਆਂ 'ਚ ਭੇਜੀ ਜਾਵੇ ਜਿਸ ਨਾਲ ਬਾਜ਼ਾਰ 'ਚ ਡੀ ਏ ਪੀ ਯੂਰੀਆ ਖਾਦ ਦੀ ਘਾਟ ਹੋ ਗਈ। ਕਿਸਾਨਾਂ ਨੂੰ ਖਾਦ ਲੈਣ ਲਈ ਸੁਸਾਇਟੀਆਂ ਵਲ ਜਾਣਾ ਪਿਆ ਪਿਛਲੇ ਸਾਲ ਪੰਜਾਬ ਸਰਕਾਰ ਨੇ ਸੁਸਾਇਟੀਆਂ ਦਾ ਹਿੱਸਾ 60 ਫੀਸਦੀ ਤੋਂ ਵਧਾ ਕੇ 70 ਫੀਸਦੀ ਕਰ ਦਿੱਤਾ ਤੇ ਇਸ ਵਾਰ 70 ਫੀਸਦੀ ਤੋਂ 80 ਫੀਸਦੀ। ਬਾਜ਼ਾਰ 'ਚ ਡੀ ਏ ਪੀ ਖਾਦ ਦੀ ਘਾਟ ਕਾਰਨ ਹਾਹਾਕਾਰ ਮਚੀ ਹੋਈ ਹੈ। ਅੰਮ੍ਰਿਤਸਰ ਤੋਂ ਲੈ ਕੇ ਅਬੋਹਰ ਤੱਕ ਧਰਨੇ ਪ੍ਰਦਰਸ਼ਨ ਹੋ ਰਹੇ ਹਨ। ਕਿਸਾਨ ਡਰਿਆ ਹੋਇਆ ਹੈ ਕਿ ਕਿਤੇ ਉਹ ਕਣਕ ਦੀ ਬਿਜਾਈ ਤੋਂ ਵਾਂਝਾ ਨਾ ਰਹਿ ਜਾਵੇ। ਹੈਰਾਨੀਜਨਕ ਗੱਲ ਇਹ ਹੈ ਕਿ ਕੇਵਲ 30 ਤੋਂ 35% ਕਿਸਾਨ ਹੀ ਸੁਸਾਇਟੀ ਦੇ ਮੈਂਬਰ 65-70% ਕਿਸਾਨ ਖਾਦ ਬਾਜ਼ਾਰ 'ਚੋਂ ਹੀ ਲੈਂਦੇ ਆ ਰਹੇ ਹਨ। ਸਿਤੱਮਜ਼ਰੀਫੀ ਇਹ ਹੈ ਕਿ 35% ਕਿਸਾਨਾਂ ਲਈ ਕੁਲ ਸਪਲਾਈ ਦਾ 80% ਹਿੱਸਾ ਰਾਖਵਾਂ ਕਰ ਦਿੱਤਾ ਗਿਆ ਹੈ। ਸਰਕਾਰ ਦੀ ਮਨਸ਼ਾ ਹੈ ਕਿ ਜਦੋਂ ਬਾਜ਼ਾਰ 'ਚ ਕਿਸਾਨ ਨੂੰ ਖਾਦ ਨਹੀਂ ਮਿਲੇਗੀ ਤਾਂ ਡੀਫਾਲਟਰ ਕਿਸਾਨ ਮਜਬੂਰ ਹੋ ਕੇ ਸੁਸਾਇਟੀ ਦੀ ਬਕਾਇਆ ਰਕਮ ਭਰੇਗਾ।

ਪੰਜਾਬ ਸਰਕਾਰ ਦੀ ਆਪਣੀ ਫਸੀ ਉਗਰਾਹੀ ਕੱਢਣ ਦਾ ਤਰੀਕਾ ਬੇਸ਼ਕ ਠੀਕ ਹੋਵੇ ਪਰ ਜਿਹੜੇ 65% ਕਿਸਾਨ ਸੁਸਾਇਟੀਆਂ ਦੇ ਮੈਂਬਰ ਨਹੀਂ ਹਨ, ਉਨ੍ਹਾਂ ਨੂੰ ਖਾਦ ਦੀ ਪੂਰਤੀ ਦਾ ਜ਼ਿੰਮਾ ਵੀ ਸਰਕਾਰ ਨੂੰ ਲੈਣਾ ਪੈਣਾ ਹੈ। ਬਾਜ਼ਾਰ 'ਚ ਕੇਵਲ 20% ਖਾਦ ਆ ਰਹੀ ਹੈ ਤੇ ਬਾਜ਼ਾਰ 'ਚ ਸੈਂਕੜੇ ਦੁਕਾਨਾਂ ਹਨ। 50% ਦੁਕਾਨਾਂ 'ਤੇ ਆਈ ਖਾਦ ਵਗਾਰਾਂ ਪੂਰੀਆਂ ਕਰਦੀ ਹੈ ਤੇ ਬਾਕੀ ਟਨ-ਟਨ ਗੋਪਾਲ। ਜਿਸ ਦਿਨ ਡੀ ਏ ਪੀ ਖਾਦ ਦਾ ਰੈਕ (ਮਾਲ ਗੱਡੀ ਰਾਹੀਂ ਜਦੋਂ ਖਾਦ ਆਉਂਦੀ ਹੈ ਤਾਂ ਉਸ ਨੂੰ ਰੈਕ ਕਹਿੰਦੇ ਹਨ) ਆਉਂਦਾ ਹੈ ਤਾਂ ਇਕ ਘੰਟੇ 'ਚ ਦੁਕਾਨਦਾਰ ਕਹਿ ਦਿੰਦੇ ਹਨ ਕਿ ਖਾਦ ਖਤਮ ਹੋ ਗਈ। ਕਿਸਾਨ ਇਕ ਦੁਕਾਨ ਤੋਂ ਦੂਜੀ ਤੇ ਦੂਜੀ ਤੋਂ ਤੀਜੀ ਦੁਕਾਨ 'ਤੇ ਹੰਭਿਆ ਫਿਰਦਾ ਹੈ। ਫਿਰ ਅਗਲੇ ਰੈਕ ਦਾ ਇੰਤਜ਼ਾਰ ਕਰਦਾ ਹੈ। ਦੁਕਾਨਦਾਰ ਕਹਿੰਦੇ ਹਨ ਕਿ ਸੁਸਾਇਟੀ 'ਚ ਮਿਲੇਗੀ। ਜਦੋਂ ਕਿਸਾਨ ਸੁਸਾਇਟੀ 'ਚ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਮੈਂਬਰਾਂ ਨੂੰ ਮਿਲੇਗੀ ਕਿਸਾਨ ਕਹਿੰਦਾ ਹੈ, ਮੈਂਬਰ ਬਣਾ ਲਵੋ ਤਾਂ ਉਹ ਜਵਾਬ ਦੇ ਦਿੰਦੇ ਹਨ। ਰੁਪਏ ਕੋਲ ਹਨ ਪਰ ਡੀ ਏ ਪੀ ਨਹੀਂ ਮਿਲ ਰਹੀ। ਕਿਸਾਨ ਜਾਵੇ ਤਾਂ ਜਾਵੇ ਕਿਥੇ ? ਫਿਰ ਧਰਨੇ ਪ੍ਰਦਰਸ਼ਨ ਹੀ ਰਹਿ ਜਾਂਦੇ ਨੇ। ਨਵੇਂ ਮੈਂਬਰ ਕਿਉਂ ਨਹੀਂ ਬਣਾ ਰਹੇ ? ਜਦੋਂ ਇਸ ਸਬੰਧੀ ਸਰਕਾਰੀ ਸਭਾਵਾਂ ਦੇ ਜ਼ਿਲ੍ਹਾ ਮੁਖੀ ਡਿਪਟੀ ਰਜਿਸਟਰਾਰ (ਡੀ ਆਰ) ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸੁਸਾਇਟੀਆਂ, ਸਹਿਕਾਰੀ ਬੈਂਕ ਦੇ ਸਹਾਰੇ ਚਲਦੀਆਂ ਹਨ। ਸਹਿਕਾਰੀ ਬੈਂਕਾਂ ਕੋਲ ਰੁਪਏ ਐਨੇ ਵਾਫਰ ਨਹੀਂ ਹਨ ਕਿ ਉਹ ਨਵੇਂ ਮੈਂਬਰਾਂ ਨੂੰ ਉਧਾਰ ਖਾਦ ਦੇ ਸਕਣ ਕਿਉਂਕਿ ਬਹੁਤੀਆਂ ਸੁਸਾਇਟੀਆਂ ਘਾਟੇ 'ਚ ਹਨ। ਜਿਹੜੇ ਕਿਸਾਨ ਮੈਂਬਰ ਨਹੀਂ ਹਨ, ਉਨ੍ਹਾਂ ਨੂੰ ਨਕਦ ਰੁਪਏ ਲੈ ਕੇ ਖਾਦ ਦੇਣ ਦਾ ਕੋਈ ਸਮਾਧਾਨ ਨਹੀਂ ਹੈ। ਜਦੋਂ ਡੀ ਆਰ ਨਾਲ ਇਹ ਵਿਚਾਰ ਕੀਤਾ ਗਿਆ ਕਿ ਜੇਕਰ ਸੁਸਾਇਟੀ ਨਕਦ ਖਾਦ, ਸਮਾਨ ਵੇਚਦੀ ਹੈ ਤਾਂ ਸੁਸਾਇਟੀ ਦਾ ਲਾਭ ਵੀ ਵਧੇਗਾ ਤੇ ਨਾਲ ਹੀ ਕਿਸਾਨ ਦੀ ਮੁਸ਼ਕਲ ਹੱਲ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇ ਤੇ ਸਰਕਾਰ ਨਾਲ ਗੱਲਬਾਤ ਚਲ ਰਹੀ ਹੈ।

ਆਪਾਂ ਕਿਸਾਨਾਂ ਦੀ ਸਮੱਸਿਆ ਤੇ ਸੁਸਾਇਟੀਆਂ ਦੀ ਸਮੱਸਿਆ ਤੇ ਵਿਸਥਾਰ 'ਚ ਗਲ ਕਰ ਲਈ ਹੈ। ਜੇ ਆਪਾਂ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਤੇ ਗੱਲ ਨਾ ਕੀਤੀ ਤਾਂ ਉਨ੍ਹਾਂ ਨਾਲ ਅਨਿਆ ਹੋਵੇਗਾ। ਦੁਕਾਨਦਾਰ ਕਿਸਾਨ ਦੀ ਫਸਲ ਪਾਲਣ ਵਾਲੀ ਕੜੀ ਦਾ ਅਹਿਮ ਹਿੱਸਾ ਹਨ ਭਾਵੇਂ ਕਿ ਉਨ੍ਹਾਂ ਨੂੰ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦੈ। ਖਾਦ ਦੇ ਦੁਕਾਨਦਾਰਾਂ ਦਾ ਹਾਲ ਅੱਜ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲਾ ਹੈ। ਉਹ ਤਾਂ ਖ਼ੁਦ ਦਾ ਕੰਮ ਛਡਣਾ ਚਾਹੁੰਦੇ ਹਨ ਪਰ ਕਿਸਾਨ ਛੱਡਣ ਨਹੀਂ ਦਿੰਦੇ। ਕੇਵਲ 20% ਖਾਦ ਦੁਕਾਨਦਾਰਾਂ ਨੂੰ ਦਿੱਤੀ ਜਾਂਦੀ ਹੈ, ਉਸ ਨਾਲ ਖੁਦ ਕੰਪਨੀਆਂ ਟੈਗਿੰਗ ਕਰਦੀਆਂ ਹਨ। ਹੁਣ ਟੈਗਿੰਗ ਕੀ ਬਲਾ ਹੈ ? ਜਿਹੜੇ ਆਪਣੀ ਜਵਾਨੀ ਸਮੇਂ ਹੋਸਟਲਾਂ 'ਚ ਰਹੇ ਹਨ, ਉਨ੍ਹਾਂ ਨੂੰ ਸ਼ਬਦ 'ਰੈਗਿੰਗ' ਯਾਦ ਹੋਵੇਗਾ। ਬਸ 'ਟੈਗਿੰਗ' ਵੀ 'ਰੈਗਿੰਗ' ਵਰਗੀ ਹੀ ਹੈ। ਟੈਗਿੰਗ ਨੂੰ ਸੌਖੇ ਤਰੀਕੇ ਨਾਲ ਸਮਝਣਾ ਹੋਵੇ ਤਾਂ ਜਦੋਂ ਤੁਸੀਂ ਕਰਿਆਨੇ ਦੀ ਦੁਕਾਨ 'ਤੇ ਜਾ ਕੇ 10 ਕਿਲੋ ਖੰਡ ਦੀ ਮੰਗ ਕਰੋ ਤੇ ਅੱਗੋਂ ਦੁਕਾਨਦਾਰ ਤੁਹਾਨੂੰ ਆਖੇ ਕਿ 10 ਕਿਲੋ ਖੰਡ ਦੇ ਨਾਲ 5 ਕਿਲੋ ਸਰਫ ਵੀ ਲੈਣਾ ਪਊ ਤਾਂ ਤੁਸੀਂ ਅੱਗੋਂ ਕਹੋਗੇ ਕਿ ਸਰਫ ਤਾਂ ਘਰੇ ਬਹੁਤ ਪਿਐ। ਅੱਗੋਂ ਦੁਕਾਨਦਾਰ ਆਖੇ ਕਿ ਫਿਰ 5 ਲੀਟਰ ਹਾਰਪਿਕ ਲੈ ਲਵੋ। ਜੇ ਖੰਡ ਲੈਣੀ ਹੈ ਤਾਂ ਨਾਲ ਦੋਹਾਂ 'ਚੋਂ ਇਕ ਚੀਜ਼ ਤਾਂ ਲੈਣੀ ਹੀ ਪਊ। ਬਸ ਇਹੋ ਹੈ ਟੈਗਿੰਗ।



ਖਾਦ ਕੰਪਨੀਆਂ ਅੱਜ ਇਸ ਤਰ੍ਹਾਂ ਹੀ ਕਰ ਰਹੀਆਂ ਹਨ ਕਿ ਜੇ 1 ਹਜ਼ਾਰ ਗੱਟਾ ਡੀ ਏ ਪੀ ਲੈਣੀ ਹੈ ਤਾਂ ਨਾਲ 500 ਗੱਟੇ ਬਾਇਓਪੋਟਾਸ਼ ਜਾਂ ਪਰੋਮ। ਅੱਗੇ ਘੱਟ ਡਿਸਟੀਬਿਊਟਰ ਵੀ ਘੱਟ ਨਹੀਂ, ਉਹ ਪ੍ਰਚੂਨ ਖਾਦ ਵਿਕਰੇਤਾ ਨੂੰ ਕਹਿੰਦੇ ਹਨ ਕਿ ਜੇ ਸੌ ਗੱਟਾ ਡੀ ਏ ਪੀ ਲੈਣੀ ਹੈ ਤਾਂ ਨਾਲ ਸੌ ਗੱਟਾ ਬਾਇਓ ਪੋਟਾਸ਼ ਜਾਂ ਪਰੋਮ। ਬਸ ਇਸ ਤਰੀਕੇ ਪੈਸੇ ਦੀ ਅੰਨ੍ਹੀ ਦੌੜ 'ਚ ਹਰ ਕੋਈ ਦੂਜੇ ਨੂੰ ਦਰੜੀ ਜਾ ਰਿਹੈ। ਐਨ ਐਫ ਐਲ (ਨੈਸ਼ਨਲ ਫਰਟੀਲਾਈਜਰਜ਼ ਲਿਮਟਿਡ) ਜੋ ਕਿ ਕਿਸੇ ਸਮੇਂ ਕਿਸਾਨਾਂ ਦੀ ਖਾਦ ਪੂਰਤੀ ਲਈ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਹਿਤ ਲਈ ਬਣਾਈ ਸੀ, ਉਹ ਵੀ ਅੱਜ ਮੌਕੇ ਦਾ ਫਾਇਦਾ ਉਠਾਉਂਦਿਆਂ, ਮੋਟੇ ਲਾਭ ਲਈ ਹੋਰਾਂ ਕੰਪਨੀਆਂ ਤੋਂ ਬਾਇਓਪੋਟਾਸ਼, ਪਰੋਮ ਤੇ ਹੋਰ ਨਿੱਕ-ਸੁੱਕ ਬਣਾ ਕੇ ਖਾਦ ਨਾਲ ਧੋਖੇ ਨਾਲ ਮੜ੍ਹ ਰਹੀ ਹੈ। ਜਦੋਂ ਕਿਸਾਨਾਂ ਦੇ ਹਿਤ ਲਈ ਬਣੇ ਸਰਕਾਰੀ ਅਦਾਰੇ ਇੰਜ ਕਰਨਗੇ, ਫਿਰ ਪ੍ਰਾਈਵੇਟਾਂ ਨੂੰ ਕਾਹਦਾ ਉਲਾਂਭਾ ? ਜਦੋਂ ਸਰਕਾਰ ਦਾ ਮੁਖੀ ਵਪਾਰੀਆਂ ਦਾ ਯਾਰ ਹੋਵੇ ਫਿਰ ਰਾਣੀ ਨੂੰ ਕੌਣ ਆਖੇ ਕਿ ਅੱਗਾ ਢਕ। ਸਰਲ ਸ਼ਬਦਾਂ 'ਚ ਇਹੋ ਕਹਾਣੀ ਹੈ ਡੀ ਏ ਪੀ ਖਾਦ ਦੇ ਸੰਕਟ ਦੀ।

ਹੁਣ ਸਵਾਲ ਇਹ ਹੈ ਕਿ ਮਸਲੇ ਦਾ ਹੱਲ ਕੀ ਹੋਵੇ ? ਦੁਕਾਨਦਾਰ ਤਾਂ ਖਾਦ ਲੈਣ ਲਈ ਹੁੰਦੀ ਕੁੱਤੇਖਾਣੀ ਤੋਂ ਅੱਕੇ ਪਏ ਨੇ। ਜਦੋਂ ਕੋਈ ਕਰੋੜਪਤੀ ਸੇਠ ਕਿਸਾਨ ਦੇ ਵਾਰ-ਵਾਰ ਕਹਿਣ 'ਤੇ ਕਿਸੇ ਦੁਕਾਨਦਾਰ ਨੂੰ ਫੋਨ ਕੇ ਕਿ 10 ਗੱਟੇ ਯੂਰੀਆ ਤਾਂ ਅੱਗੋਂ ਅਗਲਾ ਕਹੇ ਕਿ ਸੇਠ ਜੀ ਕੋਈ ਹੋਰ ਕੰਮ ਦੱਸੋ, ਯੂਰੀਆ ਤਾਂ ਇਕ ਗੱਟਾ ਵੀ ਨਹੀਂ। ਜੇ ਸਰਕਾਰ ਸਚਮੁੱਚ ਸੌ ਫੀਸਦੀ ਦਸੀ ਉਗਰਾਹੀ ਕੱਢਣਾ ਚਾਹੁੰਦੇ ਤਾਂ ਇਹ ਤਰੀਕਾ ਕਾਰਗਰ ਹੈ। ਜਦੋਂ ਖਾਦ ਸੁਸਾਇਟੀ ਤੋਂ ਬਿਨਾਂ ਕਿਤੇ ਮਿਲੇਗੀ ਹੀ ਨਹੀਂ ਤਾਂ ਰਕਮ ਤਾਂ ਦੇਣੀ ਹੀ ਪਵੇਗੀ। ਮੈਂਬਰਾਂ ਨੂੰ ਤਾਂ ਖਾਦ ਮਿਲ ਹੀ ਰਹੀ ਹੈ। ਜੋ ਮੈਂਬਰ ਡੀਫਾਲਟਰ ਹਨ, ਉਨ੍ਹਾਂ ਦੀ ਰਕਮ ਨੂੰ ਕਿਸ਼ਤਾਂ ਵਿਚ ਵੰਡ ਕੇ ਹਾੜੀ-ਸਾਉਣੀ ਖਾਦ ਲੈਣ ਸਮੇਂ ਕਿਸ਼ਤ ਦੇਣੀ ਲਾਜ਼ਮੀ ਕਰ ਦਿੱਤੀ ਜਾਵੇ ਤੇ ਜਿਹੜੇ ਕਿਸਾਨ ਮੈਂਬਰ ਨਹੀਂ ਹਨ, ਉਨ੍ਹਾਂ ਦਾ ਕੋਈ ਸ਼ਨਾਖਤੀ ਕਾਰਡ ਬਣਾ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਖਾਦ ਤੇ ਸਮਾਨ ਨਕਦ ਦੇ ਦਿੱਤਾ ਜਾਵੇ। ਇਸ ਤਰ੍ਹਾਂ ਸੁਸਾਇਟੀ 'ਤੇ ਆਰਥਕ ਬੋਝ ਵੀ ਨਹੀਂ ਪਵੇਗਾ ਤੇ ਲਾਭ ਵੀ ਵਧੇਗਾ।

ਮਾਣਯੋਗ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਸਾਡੇ ਜ਼ਿਲ੍ਹੇ ਦੇ ਹਨ ਤੇ ਮੇਰੇ ਜਾਣਕਾਰ ਵੀ। ਉਨ੍ਹਾਂ ਨਾਲ ਕਈ ਵਾਰ ਇਸ ਮਸਲੇ 'ਤੇ ਗੱਲ ਹੋਈ। ਉਹ ਮਸਲੇ ਪ੍ਰਤੀ ਬਹੁਤ ਗੰਭੀਰ ਵੀ ਹਨ ਤੇ ਉਨ੍ਹਾਂ ਨੂੰ ਕੋਈ ਲੋਭ ਲਾਲਚ ਵੀ ਨਹੀਂ। ਉਮੀਦ ਹੈ ਕਿ ਉਹ ਮੁੱਖ ਮੰਤਰੀ ਜੀ ਨਾਲ ਸਲਾਹ ਮਸ਼ਵਰਾ ਕਰ ਕੇ ਯੋਗ ਹੱਲ ਕੱਢ ਲੈਣਗੇ। ਇਸ ਤੋਂ ਇਲਾਵਾ ਦੂਜਾ ਤਰੀਕਾ ਪਹਿਲਾਂ ਵਾਲਾ ਹੀ ਹੈ ਕਿ ਖਾਦ ਬਾਜ਼ਾਰ 'ਚ ਸਪਲਾਈ ਹੋਏ ਤੇ ਮੈਂਬਰਾਂ ਦੇ ਹਿੱਸੇ ਅਨੁਸਾਰ ਖਾਦ ਸੁਸਾਇਟੀਆਂ ਨੂੰ ਜਾਵੇ ਭਾਵ 30-35 ਫੀ ਸਦੀ। ਦੁਕਾਨਦਾਰਾਂ ਦੀ ਵੱਡੀ ਸਮੱਸਿਆ ਹੈ। 'ਟੈਗਿੰਗ'। ਖੇਤੀ ਮੰਤਰੀ ਤੋਂ ਲੈ ਕੇ ਖੇਤੀ ਵਿਕਾਸ ਅਫਸਰ ਅਨੁਸਾਰ ਜੇ ਕਿਸੇ ਦੁਕਾਨਦਾਰ ਨੂੰ ਖਾਦ ਨਾਲ ਕਿਸਾਨ ਨੂੰ ਹੋਰ ਸਮਾਨ ਦਿੱਤਾ ਤਾਂ ਦੁਕਾਨਦਾਰ ਵਿਰੁੱਧ ਸਖਤ ਕਾਰਵਾਈ ਹੋਵੇਗੀ। ਜੇਕਰ ਸਖਤ ਕਾਰਵਾਈ ਹੋਵੇਗੀ। ਜੇਕਰ ਖਾਦ ਨਾਲ ਕਿਸਾਨ ਨੂੰ ਹੋਰ ਸਮਾਨ ਦੇਣਾ ਗੈਰ-ਕਾਨੂੰਨੀ ਤੇ ਧੱਕਾ ਹੈ ਤਾਂ ਫਿਰ ਖਾਦ ਕੰਪਨੀਆਂ ਦੁਆਰਾ ਡਿਸਟਰੀਬਿਊਟਰਾਂ ਨੂੰ ਖਾਦ ਨਾਲ ਟੈਗਿੰਗ ਕਰਨੀ ਵੀ ਗੈਰ-ਕਾਨੂੰਨੀ ਹੈ। ਆਖਰਕਾਰ ਜੋ ਸਮਾਨ ਖਾਦ ਕੰਪਨੀ ਨੇ ਖਾਦ ਨਾਲ ਦਿੱਤਾ ਹੈ, ਉਹ ਦੁਕਾਨਦਾਰ ਨੇ ਅਪਣੀ ਛੱਤ ਤੇ ਤਾਂ ਪਾਉਣਾ ਨਹੀਂ, ਪੈਣਾ ਤਾਂ ਉਹ ਖੇਤਾਂ 'ਚ ਹੀ ਹੈ ਭਾਵੇਂ ਕਿਸੇ ਤਰੀਕੇ ਨਾਲ ਪਹੁੰਚ ਜਾਵੇ। ਆਪਣੇ ਮੋਟੇ ਲਾਭ ਲਈ ਖਾਦ ਕੰਪਨੀਆਂ, ਦੁਕਾਨਦਾਰ ਵੀ ਤੁਹਾਡੇ ਅਪਣੇ ਹੀ ਹਨ। ਇਨ੍ਹਾਂ ਨੇ ਵੀ ਤੁਹਾਨੂੰ ਵੋਟਾਂ ਪਾਈਆਂ ਹਨ। ਇਹ ਟੈਕਸ ਵੀ ਭਰਦੇ ਹਨ ਜਿਸ ਨਾਲ ਦੇਸ਼ ਦੇ ਵਿਕਾਸ ਦਾ ਪਹੀਆ ਚਲਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਜ਼ੋਰਦਾਰ ਢੰਗ ਨਾਲ ਕੇਂਦਰ ਕੋਲ ਇਹ ਮੁੱਦਾ ਚੁੱਕਣ ਕਿ ਖਾਦ ਕੰਪਨੀਆਂ ਟੈਗਿੰਗ ਬੰਦ ਕਰਨ। ਕਦੇ ਦੁਕਾਨਦਾਰ ਵੀ ਕੇਂਦਰੀ ਮੰਤਰੀ ਦਾ ਬਿਆਨ ਪੜ੍ਹਨ ਕਿ ਜੇ ਕਿਸੇ ਖਾਦ ਕੰਪਨੀ ਨੇ ਡਿਸਟਰੀਬਿਊਟਰਾਂ ਨੂੰ ਖਾਦ ਨਾਲ ਜ਼ਬਰਦਸਤੀ ਹੋਰ ਸਮਾਨ ਦਿੱਤਾ ਤਾਂ ਖਾਦ ਕੰਪਨੀ ਵਿਰੁੱਧ ਸਖਤ ਕਾਰਵਾਈ ਹੋਵੇਗੀ। ਆਖਰਕਾਰ ਖਾਦ ਕੰਪਨੀਆਂ ਕੇਂਦਰ ਸਰਕਾਰ ਦੀਆਂ ਲਾਇਸੰਸੀ ਹਨ, ਭਾਰਤ ਸਰਕਾਰ ਤੋਂ ਬਾਹਰ ਤਾਂ ਨਹੀਂ ਹਨ। ਪਰ ਜੇ ਕੁੱਤੀ ਚੋਰਾਂ ਨਾਲ ਰਲ ਜਾਵੇ ਫਿਰ ਕੁੱਤੇਖਾਣੀ ਹੀ ਹੋਈ। ਉਮੀਦ ਕਰਦੇ ਹਨ ਕਿ ਮੁੱਖ ਮੰਤਰੀ ਪੰਜਾਬ ਤੇ ਖੇਤੀ ਮੰਤਰੀ ਪੰਜਾਬ ਇਸ ਦਾ ਯੋਗ ਹੱਲ ਕੱਢਣਗੇ ਜਿਸ ਨਾਲ ਕਿਸਾਨ ਨੂੰ ਖਾਦ ਮਿਲੇ, ਟੈਗਿੰਗ ਬੰਦ ਹੋਵੇ।

--------- ਬਾਕੀ ਸਫਾ 12 ਦੀ ---------

## ਹਾੜ੍ਹੀ ਦੌਰਾਨ ਚਾਰੇ ਦੀਆਂ ਫਸਲਾਂ ਦੀ ਕਾਸ਼ਤ

ਕਿਲੋਗ੍ਰਾਮ ਸੁਪਰਫਾਸਫੇਟ ਸੇਂਜੀ ਪ੍ਰਤੀ ਏਕੜ ਵਰਤੀ ਜਾਂਦੀ ਹੈ। ਜਵੀ ਦੀ ਇੱਕ ਕਟਾਈ ਲੈਣ ਲਈ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਅਤੇ 8 ਕਿਲੋ ਫਾਸਫੋਰਸ (50 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬੀਜਣ ਸਮੇਂ ਪਾਈ ਜਾਵੇ। ਬਿਜਾਈ ਤੋਂ 30-40 ਦਿਨ ਬਾਅਦ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਹੋਰ ਪਾਓ। ਦੂਜੀ ਕਟਾਈ ਲੈਣ ਲਈ 20 ਕਿਲੋ ਨਾਈਟ੍ਰੋਜਨ (44 ਕਿਲੋ ਯੂਰੀਆ) ਪ੍ਰਤੀ ਏਕੜ ਜਵੀ ਦੇ ਫੁਟਾਰੇ ਤੋਂ ਬਾਅਦ ਪਾਉ।



**ਸਿੰਚਾਈ ਅਤੇ ਗੋਡੀ :** ਫਸਲਾਂ ਨੂੰ ਰੌਣੀ ਸਮੇਤ ਤਿੰਨ ਤੋਂ ਚਾਰ ਪਾਣੀ 10-15 ਦਿਨ ਲਈ ਸਿਆਲਾਂ ਵਿੱਚ ਕਾਫੀ ਹੁੰਦੇ ਹਨ। ਗਰਮੀਆਂ ਵਿੱਚ 7-10 ਦਿਨਾਂ ਬਾਅ ਲੋੜ ਪੈਂਦੀ ਹੈ। (ਟੇਬਲ 4)। ਇਹਨਾਂ ਫਸਲਾਂ ਨੂੰ ਆਮ ਤੌਰ ਤੇ ਗੋਡੀ ਦੀ ਲੋੜ ਨਹੀਂ ਪਰ ਜੇ ਘਾਹ ਫੂਸ ਜ਼ਿਆਦਾ ਹੋ ਜਾਵੇ ਤਾਂ ਇਕ ਗੋਡੀ ਕਰ ਦੇਣੀ ਚਾਹੀਦੀ ਹੈ।

**ਕਟਾਈ :** ਬਰਸੀਮ, ਸ਼ਫਤਲ, ਰਾਈਗਰਾਸ ਅਤੇ ਸੇਂਜੀ ਦੀ ਕਟਾਈ 50-55 ਦਿਨਾਂ ਬਾਦ ਅਤੇ ਬਾਦ ਵਾਲੀਆਂ 30-40 ਦਿਨਾਂ ਬਾਦ। ਜਵੀ ਦੀ ਇਕ ਕਟਾਈ ਦੇਣ ਵਾਲੀ ਕਿਸਮ ਗੋਭ ਵਿੱਚ ਸਿੱਟਾ ਬਣਨ ਤੋਂ ਲੈ ਕੇ ਦੁਧੀਆ ਦਾਣਿਆਂ ਦੀ ਹਾਲਤ ਵਿੱਚ ਚਾਰੇ ਦੀ ਕਟਾਈ ਕਰ ਲੈਣੀ ਚਾਹੀਦੀ ਹੈ। ਦੋ ਕਟਾਈਆਂ ਦੇਣ ਵਾਲੀ ਕਿਸਮ ਦੀ ਪਹਿਲੀ ਕਟਾਈ ਬਿਜਾਈ ਤੋਂ 65-70 ਦਿਨਾਂ ਬਾਅਦ ਕਰੋ ਅਤੇ ਦੂਜੀ ਕਟਾਈ ਗੋਭ ਵਿੱਚ ਕਰੋ।

**ਪੌਦ ਸੁਰੱਖਿਆ :** ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਕਰੋ।

ਟੇਬਲ 5 ਚਾਰੇ ਵਿੱਚ ਨਦੀਨ ਦੀ ਰੋਕਥਾਮ, ਸਿੰਚਾਈ, ਖਾਦ, ਨਾਈਟਰੋਜਨ ਅਤੇ ਫਾਸਫੋਰਸ ਦੀ ਮਾਤਰਾ

| ਫਸਲ | ਨਦੀਨਾਂ ਦੀ ਰੋਕਥਾਮ | ਸਿੰਚਾਈ | ਖਾਦ (ਟਨ/ਏਕੜ) | ਨਾਈਟਰੋਜਨ ਕਿ.ਗ੍ਰਾ./ਏਕੜ) | ਫਾਸਫੋਰਸ |
|---|---|---|---|---|---|
| **ਫਲੀਦਾਰ** | | | | | |
| ਬਰਸੀਮ | ਬਾਸਾਲੀਨ 400 ਮਿ.ਲੀ. | 7-10 ਦਿਨਾਂ ਦੇ ਵਕਫੇ ਤੇ | 6 ਕਿਲੋ | 10 ਕਿਲੋ (22 ਕਿਲੋ ਯੂਰੀਆ) | 20 ਕਿਲੋ + 6 ਕਿਲੋ ਖਾਦ ਦੀ ਬਿਜਾਈ ਸਮੇਂ ਜਿੱਥੇ ਖਾਦ ਨਾ ਪਾਈ ਹੋਵੇ 30 ਕਿਲੋ (185 ਕਿਲੋ ਸੁਪਰਫਾਸਫੇਟ) |
| ਸ਼ਫਤਲ | -- | 7-10 ਦਿਨਾਂ ਦੇ ਵਕਫੇ ਤੇ | --- | 5 ਕਿਲੋ (11 ਕਿਲੋ ਯੂਰੀਆ) | 20 ਕਿਲੋ (125 ਕਿਲੋ) ਸੁਪਰਫਾਸਫੇਟ ਬੀਜਾਈ ਸਮੇਂ |
| ਲੂਸਣ | -- | ਪਹਿਲਾ ਪਾਣੀ ਬਿਜਾਈ ਤੋਂ ਮਹੀਨਾ ਮਗਰੋਂ, ਅਤੇ ਬਾਦ ਵਾਲੇ 15-30 ਦਿਨਾਂ ਦੇ ਵਕਫੇ ਤੇ | --- | 10 ਕਿਲੋ (22 ਕਿਲੋ ਯੂਰੀਆ) | 32 ਕਿਲੋ (200 ਕਿਲੋ ਸੁਪਰਫਾਸਫੇਟ) ਬੀਜਾਈ ਸਮੇਂ |
| ਸੇਂਜੀ | -- | 2-3 ਪਾਣੀ | | --- | 25 ਕਿਲੋ (155 ਕਿਲੋ ਸੁਪਰਫਾਸਫੇਟ) ਬੀਜਾਈ ਸਮੇਂ |
| **ਬਿਨਾਂ ਫਲੀਦਾਰ** | | | | | |
| ਜਵੀ | -- | 3-4 ਪਾਣੀ ਰੌਣੀ ਸਮੇਤ | -- | 15 (33 ਕਿਲੋ ਯੂਰੀਆ) ਬਿਜਾਈ ਤੇ 30-35 ਦਿਨ ਬਾਅਦ ਤੇ 20 ਕਿਲੋ (44 ਕਿਲੋ) ਦੋ ਲੋਅ ਵਾਲੀ ਜਵੀ ਲਈ | 50 ਕਿਲੋ (50 ਕਿਲੋ ਸੁਪਰਫਾਸਫੇਟ) |
| ਰਾਈ ਘਾਹ | -- | 7-10 ਦਿਨਾਂ ਦੇ ਵਕਫੇ ਤੇ | 15-20 | 15 ਕਿਲੋ (33 ਕਿਲੋ ਯੂਰੀਆ) ਬੀਜਣ ਵੇਲੇ ਤੇ 30 ਦਿਨ ਬਾਅਦ ਵਿੱਚ | -- |

# ਕਿਸਾਨ ਭਰਾਵਾਂ ਲਈ ਇਨ੍ਹਾਂ ਦਿਨਾਂ ਦੇ ਜ਼ਰੂਰੀ ਰੁਝੇਵੇਂ

**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 826, ਪੀ ਬੀ ਡਬਲਯੂ 869, ਪੀ ਬੀ ਡਬਲਯੂ 824, ਸੁਨੇਹਰੀ (ਪੀ ਬੀ ਡਬਲਯੂ 766), ਪੀ ਬੀ ਡਬਲਯੂ 1



ਚਪਾਤੀ, ਡੀ ਬੀ ਡਬਲਯੂ 187, ਐਚ ਡੀ 3226, ਉੱਨਤ ਪੀ ਬੀ ਡਬਲਯੂ 343, ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਡਬਲਯੂ ਐਚ 1105, ਐਚ ਡੀ 2967 ਅਤੇ ਵਡਾਣਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਬਿਜਾਈ ਲਈ ਬੀਜ ਦਾ ਪ੍ਰਬੰਧ ਕਰ ਲਵੋ। ਕਣਕ ਦੇ 40 ਕਿਲੋ ਬੀਜ ਨੂੰ 13 ਮਿ.ਲਿ. ਰੈਕਸਿਲ ਈਜ਼ੀ/ਓਰੀਅਸ (400 ਮਿ.ਲਿ. ਪਾਣੀ ਵਿਚ ਘੋਲ ਕੇ) ਜਾਂ 40 ਗ੍ਰਾਮ ਟੈਬੂਸੀਡ/ਸੀਡੈਕਸ/ਐਕਸਜ਼ੋਲ ਜਾਂ 120 ਗ੍ਰਾਮ ਵੀਟਾਵੈਕਸ ਪਾਵਰ ਜਾਂ 80 ਗ੍ਰਾਮ ਵੀਟਾਵੈਕਸ ਨਾਲ ਸੋਧ ਕੇ ਬੀਜੋ। ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿਚ ਬੀਜ ਨੂੰ 1 ਗ੍ਰਾਮ ਕਰੂਜ਼ਰ 70 ਡਬਲਯੂ ਐਸ ਜਾਂ 2 ਮਿਲੀਲਿਟਰ ਨਿਉਨਿਕਸ 20 ਐਫ ਐਸ ਜਾਂ 4 ਮਿਲੀਲਿਟਰ ਡਰਸਬਾਨ / ਰੂਬਾਨ / ਡਰਮੇਟ 20 ਈ ਸੀ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਸੁਕਾ ਲਵੋ। ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ। ਬਰਾਨੀ ਹਾਲਤਾਂ ਵਿੱਚੋਂ ਕਣਕ ਦੀ ਬਿਜਾਈ ਅਕਤੂਬਰ ਦੇ ਆਖਰੀ ਹਫਤੇ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ ਕਰ ਦਿਓ। ਇਨ੍ਹਾਂ ਖੇਤਰਾਂ ਦੇ ਕਿਸਾਨਾਂ ਨੂੰ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਬੀ ਡਬਲਯੂ-725, ਉੱਨਤ ਪੀ ਬੀ ਡਬਲਯੂ-550, ਪੀ ਬੀ ਡਬਲਯੂ-752 ਅਤੇ ਪੀ ਬੀ ਡਬਲਯੂ-660 ਦੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ।

**ਤੇਲ ਬੀਜ** : ਇਹ ਸਮਾਂ ਗੋਭੀ ਸਰ੍ਹੋਂ ਦੀਆਂ ਕਿਸਮਾਂ ਪੀ ਜੀ ਐਸ ਐਚ 1707, ਜੀ ਐਸ ਸੀ 7 ਅਤੇ ਜੀ ਐਸ ਸੀ 6 ਦੀ ਬਿਜਾਈ ਲਈ ਢੁੱਕਵਾਂ ਹੈ। ਇਸ ਸਮੇਂ ਰਾਇਆ ਦੀਆਂ ਕਿਸਮਾਂ ਆਰ ਸੀ ਐਚ 1, ਪੀ ਐਚ ਆਰ 126, ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357, ਪੀ ਬੀ



ਆਰ 97 ਅਤੇ ਪੀ ਬੀ ਆਰ 91 ਅਤੇ ਅਫਰੀਕਨ ਸਰ੍ਹੋਂ ਪੀ ਸੀ 6 ਦੀ ਬਿਜਾਈ ਵੀ ਸ਼ੁਰੂ ਕਰ ਲਵੋ। ਜੇਕਰ ਗੋਭੀ ਸਰ੍ਹੋਂ ਦੀ ਬਿਜਾਈ ਕਿਸੇ ਕਾਰਨ ਲੇਟ ਹੋ ਰਹੀ ਹੈ ਤਾਂ ਗੋਭੀ ਸਰੋਂ ਦੀ ਪਨੀਰੀ ਤਿਆਰ ਕਰਕੇ ਹੀ ਨਵੰਬਰ ਤੋਂ ਅੱਧ ਦਸੰਬਰ ਤੱਕ ਲਗਾ ਸਕਦੇ ਹਾਂ। ਗੋਭੀ ਸਰੋਂ ਦੀ ਪਨੀਰੀ ਤਿਆਰ ਕਰਨ ਲਈ 400 ਗ੍ਰਾਮ ਬੀਜ ਇਕ ਕਿੱਲੇ ਲਈ ਕਾਫੀ ਹੈ।

**ਦਾਲਾਂ** : ਬਰਾਨੀ ਇਲਾਕਿਆਂ ਵਿਚ ਦੇਸੀ ਛੋਲਿਆਂ ਦੀ ਕਿਸਮ ਪੀ ਡੀ 4 ਦੇ ਬੀਜਣ ਲਈ ਢੁੱਕਵਾਂ ਸਮਾਂ ਹੈ। ਧਿਆਨ ਰਹੇ ਕਿ ਇਹ ਕਿਸਮ ਸਿਲ ਵਾਲੇ ਇਲਾਕਿਆਂ ਨੂੰ ਛੱਡ ਕੇ ਬਾਕੀ ਸਾਰੇ ਪ੍ਰਾਂਤ ਲਈ ਹੈ।

**ਹਰਾ ਚਾਰਾ** : ਨੇਪੀਅਰ ਬਾਜਰੇ ਦੀਆਂ ਕਤਾਰਾਂ ਜਵੀ, ਸੇਂਜੀ ਜਾਂ ਮੇਥੇ ਜਾਂ ਸਰ੍ਹੋਂ ਦੀਆਂ ਆੜਾਂ ਬੀਜ ਲਵੋ।

**ਸਬਜ਼ੀਆਂ** : ਸਬਜ਼ੀਆਂ ਦੀਆਂ ਖੜ੍ਹੀਆਂ ਫਸਲਾਂ ਨੂੰ ਹਫਤੇ ਬਾਅਦ ਪਾਣੀ ਦਿਉ। ਗਾਜਰ, ਮੂਲੀ, ਸ਼ਲਗਮ, ਪਾਲਕ, ਧਨੀਆਂ, ਮੇਥੀ, ਲਸਣ ਅਤੇ ਮਟਰਾਂ ਦੀ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਕਿ ਪੰਜਾਬ-89 ਅਤੇ ਮੀਠੀ ਫਲੀ ਦੀ ਬਿਜਾਈ ਲਈ ਸਮਾਂ ਢੁੱਕਵਾਂ ਹੈ। ਪਿਆਜ ਦੀ ਪਨੀਰੀ ਦੀ ਬੀਜਾਈ ਲਈ 4-5 ਕਿਲੋ ਬੀਜ ਪ੍ਰਤੀ ਏਕੜ ਬੀਜੋ। ਚੱਲ ਰਿਹਾ ਮੌਸਮ ਆਲੂਆਂ ਦੇ ਪਿਛੇਤੇ ਝੁਲਸ ਰੋਗ ਲਈ ਪ੍ਰਤੀਕੂਲ ਹੈ। ਇਨ੍ਹਾਂ ਦਿਨਾਂ ਵਿਚ ਆਲੂ ਉਤਪਾਦਕਾਂ ਨੂੰ ਆਲੂਆਂ ਉਪਰ ਕਿਸੇ ਵੀ ਤਰ੍ਹਾਂ ਦੇ ਉਲੀਨਾਸ਼ਕ ਦਾ ਛਿੜਕਾਅ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਬੈਂਗਣਾਂ ਵਿਚ ਫਲ ਅਤੇ ਸ਼ਾਖਾਂ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਨੂੰ 100 ਤੋਂ 125 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਬਾਗਬਾਨੀ** : ਬੇਰਾਂ ਦੇ ਬੂਟਿਆਂ ਨੂੰ ਚਿੱਟੋਂ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/100 ਲਿਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ। ਬੇਰਾਂ ਦੇ ਬਾਗਾਂ ਵਿਚ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫਲਾਂ ਦਾ ਕੇਰਾ ਘਟਾਉਣ ਅਤੇ ਝਾੜ ਵਿਚ ਵਾਧੇ ਲਈ ਝੋਨੇ ਦੀ ਪਰਾਲੀ ਦੀ ਘੱਟੋ-ਘੱਟ 10 ਸੈਂਟੀਮੀਟਰ ਮੋਟੀ ਤਹਿ ਵਿਛਾਓ (5.0 ਟਨ ਪ੍ਰਤੀ ਏਕੜ) ਦੀ ਯੂਰੀਆ ਖਾਦ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਵਰਤੋਂ ਕਰੋ। ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀ ਆਦਿ ਦਾ ਸਹਾਰਾ ਦਿਓ ਅਤੇ ਜੜ੍ਹ-ਮੁੱਢ ਤੋਂ ਨਿਕਲਦਾ ਫੁਟਾਰਾ ਲਗਾਤਾਰ ਤੋੜਦੇ ਰਹੋ। ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ 25 ਗ੍ਰਾਮ ਕੌਪਰ ਸਲਫੇਟ 500 ਲੀਟਰ ਪਾਣੀ ਵਿੱਚ ਪਾ ਕੇ ਛਿੜਕਾਅ



ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਅੰਬਾਂ ਦੀ ਮਾਲਫਾਰਮੇਸ਼ਨ ਵਾਲੇ ਗੁੱਛੇ 15 ਸੈਂਟੀਮੀਟਰ ਨਰੋਈ ਸ਼ਾਖ ਸਮੇਤ ਤੱਕ ਟਕੇ ਬੂਟਿਆਂ ਉੱਤੇ 100 ਗ੍ਰਾਮ ਐਨ.ਏ.ਏ. ਦਾ ਛਿੜਕਾਅ ਕਰੋ। ਇਸ ਦਵਾਈ ਨੂੰ ਪਹਿਲਾਂ 200 ਮਿ.ਲਿ. ਅਲਕੋਹਲ ਵਿਚ ਘੋਲ ਕੇ ਫਿਰ 500 ਲਿਟਰ ਪਾਣੀ ਵਿਚ ਘੋਲ ਬਣਾਉ।

**ਪਸ਼ੂ ਪਾਲਣ** : ਗੰਦੇ ਪਸ਼ੂਆਂ ਤੋਂ ਸਾਫ ਸੁੱਥਰਾ ਦੁੱਧ ਨਹੀਂ ਲਿਆ ਜਾ ਸਕਦਾ, ਬੇਸ਼ਕ ਉਹ ਤੰਦਰੁਸਤ ਹੀ ਹੋਣ, ਇਸ ਲਈ ਉਨ੍ਹਾਂ ਦੀ ਸਫਾਈ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ। ਜੇਕਰ ਪਸ਼ੂ ਦਾ ਪਿਛਲਾ ਹਿੱਸਾ (ਪੂੰਛ, ਲੇਵਾ, ਥਣ, ਪੇਟ ਆਦਿ) ਗੋਹੇ ਜਾਂ ਗਾਰੇ ਨਾਲ ਲਿਬੜਿਆ ਹੋਇਆ ਹੋਵੇਗਾ ਤਾਂ ਦੁੱਧ ਕੱਢਦੇ ਸਮੇਂ ਇਹੋ ਗੰਦਗੀ ਉਸਦੇ ਵਿੱਚ ਡਿੱਗੇਗੀ। ਪਸ਼ੂਆਂ ਦੇ ਸਰੀਰ ਤੇ ਲੱਗੀ ਗੰਦਗੀ ਨੂੰ ਰਗੜ ਕੇ ਲਾਹ ਦੇਣਾ ਚਾਹੀਦਾ ਹੈ। ਗੰਦੇ ਥਾਂ ਉੱਤੇ ਪਸ਼ੂਆਂ ਨੂੰ ਚੋਣ ਨਾਲ ਕੇਵਲ ਜੀਵਾਣੂੰਆਂ ਦੀ ਸੰਖਿਆ ਵਿਚ ਵੀ ਵਾਧਾ ਨਹੀਂ ਹੁੰਦਾ, ਸਗੋਂ ਦੁੱਧ ਦੀ ਸੁਗੰਧ ਤੇ ਵੀ ਅਸਰ ਪੈਂਦਾ ਹੈ।



# ਮੰਡੀ ਤੱਕ ਨਰਮੇ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਧਿਆਨ ਦਿਓ

ਗੁਰਜਿੰਦਰ ਸਿੰਘ ਰੋਮਾਣਾ ਅਤੇ ਰਾਜ ਕੁਮਾਰ,
ਇਕੋਨੋਮਿਕਸ ਐਂਡ ਸ਼ੋਸ਼ਿਆਲੋਜੀ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 94630-22255)

**ਨਰਮੇ ਦੀ ਚੁਗਾਈ ਕਰਦੇ ਸਮੇਂ**

★ ਨਰਮੇ ਦੀ ਚੁਗਾਈ ਤ੍ਰੇਲ ਸੁੱਕਣ ਤੇ ਕਰੋ, ਭਿੱਜਿਆ ਨਰਮਾ ਗਰਮ ਹੋ ਕੇ ਲਾਲ ਹੋ ਜਾਂਦਾ ਹੈ।

★ ਚੁਗਾਈ 50 ਪ੍ਰਤੀਸ਼ਤ ਟੀਂਡੇ ਖਿੜਨ ਤੇ ਹੀ ਕਰੋ।

★ ਛੋਟੇ ਬੱਚਿਆਂ ਅਤੇ ਅਨਜਾਣ ਲੇਬਰ ਨੂੰ ਨਰਮਾ ਚੁਗਣ ਲਈ ਨਾ ਲਾਓ।

★ ਚੁਗਾਈ ਹਮੇਸ਼ਾ ਬੂਟੇ ਦੇ ਥੱਲੇ ਪਾਸੇ ਤੋਂ ਸ਼ੁਰੂ ਕਰਕੇ ਉੱਪਰ ਵੱਲ ਨੂੰ ਕਰਨੀ ਚਾਹੀਦੀ ਹੈ ਤਾਂ ਜੋ ਉੱਪਰਲੇ ਟੀਂਡਿਆਂ ਦੀ ਪੱਤੀ ਹੇਠਲੇ ਖਿੜੇ ਟੀਡਿਆਂ ਤੇ ਨਾ ਡਿੱਗ ਪਵੇ।

★ ਚੁਗਾਈ ਕਰਦੇ ਸਮੇਂ ਹਮੇਸ਼ਾ ਸਿਰ ਢੱਕ ਕੇ ਰੱਖੋ ਤਾਂ ਜੋ ਸਿਰ ਦੇ ਵਾਲ ਨਰਮੇ ਵਿਚ ਨਾ ਰਲਣ।

★ ਕਾਣੀ ਕੌਢੀ, ਖਰਾਬ ਫੁੱਟੀ ਅਤੇ ਕੱਚੇ ਟੀਂਡਿਆਂ ਆਦਿ ਨੂੰ ਨਰਮੇ ਨਾਲ ਨਾ ਚੁਗੋ।

★ ਚੁਗੀ ਹੋਈ ਨਰਮੇ ਦੀ ਫਸਲ ਨੂੰ ਸਾਫ ਸੁਥਰੀ ਅਤੇ ਸੁੱਕੀ ਥਾਂ ਤੇ ਰੱਖੋ ਅਤੇ ਉੱਪਰੋਂ ਵੀ ਕੱਪੜੇ ਨਾਲ ਢਕੋ।

★ ਮਜ਼ਦੂਰਾਂ ਨੂੰ ਸਾਫ ਸੁਥਰੀ ਚੁਗਾਈ ਦੇ ਆਧਾਰ ਤੇ ਪੈਸੇ ਦਿਓ।

★ ਚੁਗੇ ਹੋਏ ਨਰਮੇ ਨੂੰ ਬਿਨਾਂ ਨੱਪੇ ਉੱਪਰੋਂ ਢੱਕ ਕੇ ਰੱਖੋ ਤਾਂ ਜੋ ਇਸ ਦਾ ਰੇਸ਼ਾ ਖਰਾਬ ਨਾ ਹੋਵੇ।

★ ਟਰਾਲੀ ਜਾਂ ਗੱਡੇ ਵਿਚ ਨਰਮਾ ਭਰਨ ਤੋਂ ਪਹਿਲਾਂ ਉਸ ਨੂੰ ਚੰਗੀ ਤਰ੍ਹਾਂ ਸਾਫ ਕਰ ਲਵੋ ਅਤੇ ਇਸ ਦੇ ਉੱਪਰ ਬੈਠ ਕੇ ਨਾ ਜਾਓ।

**ਨਰਮੇ ਦੇ ਰੱਖ-ਰਖਾਵ ਦੇ ਸੰਭਾਲ ਕਰਨ ਸਮੇਂ** :

★ ਕਮਰਾ ਸਾਫ ਸੁਥਰਾ ਅਤੇ ਸਲ੍ਹਾਬ ਰਹਿਤ ਹੋਣਾ ਚਾਹੀਦਾ ਹੈ। ਨਵੇਂ ਬਣੇ ਕਮਰੇ ਵਿਚ ਨਰਮੇ ਨੂੰ ਨਾ ਰੱਖੋ। ਫਸਲ ਗਿੱਲੀ ਹੈ ਤਾਂ ਇਸ ਨੂੰ ਸੁਕਾ ਕੇ ਸੰਭਾਲੋ।

★ ਫਸਲ ਨੂੰ ਸੰਭਾਲਣ ਸਮੇਂ ਇਸ ਵਿੱਚੋਂ ਕੱਚੇ ਜਾਂ ਹਰੇ ਟੀਂਡੇ, ਕਾਣੀ ਕੌਢੀ, ਖਰਾਬ ਫੁੱਟੀ ਅਤੇ ਹੋਰ ਕਿਸੇ ਕਿਸਮ ਦੀ ਮਿਲਾਵਟ ਨੂੰ ਕੱਢ ਦਿਓ।

★ ਸਟੋਰ ਦਾ ਦਰਵਾਜ਼ਾ ਬੰਦ ਰੱਖੋ ਤਾਂ ਜੋ ਕੂੜਾ ਕਰਕਟ ਜਿਵੇਂ ਕਿ ਰੰਗਦਾਰ ਧਾਗੇ, ਸਿਰ ਦੇ ਵਾਲ, ਪਲਾਸਟਿਕ ਅਤੇ ਬੋਰੀ ਦੇ ਧਾਗੇ, ਸੂਤਲੀਆਂ, ਟੋਪੀਆਂ ਦੇ ਕਾਗਜ਼, ਪੋਲੀਥੀਨ ਦੇ ਲਿਫਾਫੇ, ਪੱਤੀ, ਕੱਪੜੇ ਦੇ ਟੁਕੜੇ, ਬੀੜੀਆਂ ਦੇ ਟੋਟੇ, ਰੱਦੀ ਕਾਗਜ਼ ਆਦਿ ਨਰਮੇ ਵਿਚ ਨਾ ਰਲ ਸਕਣ।

★ ਵੱਖ-ਵੱਖ ਕਿਸਮਾਂ ਅਤੇ ਵੱਖ-ਵੱਖ ਚੁਗਾਈਆਂ ਦਾ ਨਰਮਾ ਅਲੱਗ-ਅਲੱਗ ਹੀ ਰੱਖੋ।

**ਮੰਡੀ ਵਿਚ ਨਰਮੇ ਦੀ ਵਿਕਰੀ ਸਮੇਂ** :

★ ਫਸਲ ਨੂੰ ਟਰਾਲੀ ਵਿਚ ਭਰਦੇ ਸਮੇਂ ਇਸ ਵਿੱਚੋਂ ਕੱਚੇ ਜਾਂ ਗਲੇਸੜੇ ਟੀਂਡੇ, ਕਾਣੀਆਂ ਤੇ ਪੀਲੀਆਂ ਕੌਢੀਆਂ ਅਤੇ ਹੋਰ ਕੂੜਾ ਕਰਕਟ ਕੱਢ ਦਿਓ ਤਾਂ ਜੋ ਫਸਲ ਦਾ ਮਿਆਰ ਖਰਾਬ ਨਾ ਹੋਵੇ।

★ ਨਰਮੇ ਦੀ ਟਰਾਲੀ ਭਰਦੇ ਸਮੇਂ ਇਸ ਨੂੰ ਜ਼ਿਆਦਾ ਨਾ ਲਤਾੜੋ ਤਾਂ ਜੋ ਨਰਮੇ ਦੇ ਰੇਸ਼ੇ ਦੀ ਗੁਣਵੱਤਾ ਬਰਕਰਾਰ ਰਹਿ ਸਕੇ।

★ ਹਰ ਚੁਗਾਈ ਦੀ ਵਿਕਰੀ ਵੱਖਰੀ-ਵੱਖਰੀ ਕਰੋ। ਪਹਿਲੀ ਅਤੇ ਆਖਰੀ ਚੁਗਾਈ ਨੂੰ ਬਾਕੀ ਨਰਮੇ ਨਾਲੋਂ ਵੱਖ ਰੱਖੋ।

★ ਬੇਸ਼ੱਕ ਅੱਜਕੱਲ ਮੰਡੀ ਵਿਚ ਨਰਮੇ ਦੀ ਬੋਲੀ ਖੜ੍ਹੀ ਟਰਾਲੀ ਵਿਚ ਹੀ ਲੱਗ ਜਾਂਦੀ ਹੈ ਫਿਰ ਵੀ ਜੇਕਰ ਫਸਲ ਮੰਡੀ ਵਿਚ ਉਤਾਰਨੀ ਪਵੇ ਤਾਂ ਢੇਰ ਕਿਸੇ ਸਾਫ ਸੁਥਰੀ ਥਾਂ ਤੇ ਲਗਾਓ ਤਾਂ ਕਿ ਕੂੜੇ ਕਰਕਟ ਨੂੰ ਫਸਲ ਵਿਚ ਰਲਣ ਤੋਂ ਬਚਾਇਆ ਜਾ ਸਕੇ।

★ ਫਸਲ ਨੂੰ ਅਵਾਰਾ ਜਾਨਵਰਾਂ ਜਿਵੇਂ ਕਿ ਕੁੱਤੇ, ਗਾਵਾਂ, ਢੱਠਿਆਂ ਆਦਿ ਦੁਆਰਾ ਖਰਾਬ ਹੋਣ ਤੋਂ ਬਚਾਓ।

★ ਫਸਲ ਵੇਚਣ ਉਪਰੰਤ ਆੜ੍ਹਤੀਏ ਕੋਲੋਂ 'ਫਾਰਮ ਜੇ' ਜ਼ਰੂਰ ਲਵੋ ਤਾਂ ਜੋ ਕੀਮਤਾਂ ਤੇ ਖਰਚਿਆਂ ਦਾ ਲੇਖਾ-ਜੋਖਾ ਰੱਖਿਆ ਜਾ ਸਕੇ।

★ ਕਿਸਾਨਾਂ ਨੇ ਮੰਡੀ ਵਿਚ ਨਰਮੇਂ ਦੀ 40 ਕਿਲੋਗ੍ਰਾਮ ਵਾਲੀ ਪੱਲੀ ਦੀ ਲੁਹਾਈ ਲਈ 3.05 ਰੁਪਏ ਅਤੇ ਬਨ੍ਹਾਈ ਲਈ 2.50 ਰੁਪਏ ਪ੍ਰਤੀ ਪੱਲੀ ਦਾ ਖਰਚ ਹੀ ਦੇਣਾ ਹੈ। ਬਾਕੀ ਸਾਰੇ ਖਰਚੇ ਖਰੀਦਦਾਰ ਏਜੰਸੀ ਵੱਲੋਂ ਦਿੱਤੇ ਜਾਣੇ ਹਨ। ਆਉਣ ਵਾਲੇ ਮੰਡੀਕਰਨ ਸੀਜ਼ਨ ਦੌਰਾਨ ਇਹਨਾਂ ਖਰਚਿਆਂ ਵਿਚ ਮਾਮੂਲੀ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਸਲਾਹ ਹੈ ਕਿ ਫਸਲ ਵੇਚਣ ਸਮੇਂ ਇਹਨਾਂ ਖਰਚਿਆਂ ਦੀ ਪੜਤਾਲ ਮੰਡੀ ਵਿਚ ਸਥਿਤ ਮਾਰਕਿਟ ਕਮੇਟੀ ਦੇ ਦਫਤਰ ਵਿੱਚੋਂ ਜ਼ਰੂਰ ਕਰ ਲਵੋ।

★ ਸਾਲ 2023-24 ਲਈ ਸਰਕਾਰ ਵੱਲੋਂ ਦਰਮਿਆਨੇ ਰੇਸ਼ੇ ਵਾਲੇ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ 6620 ਰੁਪਏ ਪ੍ਰਤੀ ਕੁਇੰਟਲ ਅਤੇ ਲੰਮੇ ਰੇਸ਼ੇ ਵਾਲੇ ਨਰਮੇ ਦਾ ਸਮਰਥਨ ਮੁੱਲ 7020 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ।

★ ਵਰਨਣਯੋਗ ਹੈ ਕਿ ਨਰਮੇ ਦੇ ਭਾਅ ਵਿਚ ਕਾਫੀ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ। ਇਸ ਲਈ ਮੰਡੀ ਵਿਚ ਲਿਜਾਣ ਤੋਂ ਪਹਿਲਾਂ ਵੱਖ-ਵੱਖ ਮਾਧਿਅਮਾਂ (ਅਖਬਾਰ, ਟੀ. ਵੀ., ਰੇਡੀਓ, ਇੰਟਰਨੈੱਟ, ਆਦਿ) ਤੋਂ ਨਰਮੇ ਦੇ ਭਾਅ ਬਾਰੇ ਤਾਜ਼ਾ ਜਾਣਕਾਰੀ ਜ਼ਰੂਰੀ ਲਵੋ।

★ ਜਿਸ ਮੰਡੀ ਵਿਚ ਚੰਗਾ ਭਾਅ ਮਿਲੇ ਕਿਸਾਨਾਂ ਨੂੰ ਨਰਮਾ ਓਥੇ ਹੀ ਵੇਚਣਾ ਚਾਹੀਦਾ ਹੈ। ਇਸ ਲਈ ਕਿਸਾਨਾਂ ਨੂੰ ਅਖਬਾਰ, ਰੇਡੀਓ, ਟੈਲੀਵੀਜ਼ਨ, ਸੋਸ਼ਲ ਮੀਡੀਆ, ਆਦਿ ਦਾ ਸਹਾਰਾ ਲੈਣਾ ਚਾਹੀਦਾ ਹੈ।



ਨਵੰਬਰ ਦਾ ਪਹਿਲਾ ਪੰਦਰਵਾੜਾ

# ਰਬੀ ਫਸਲਾਂ ਦੀ ਬਿਜਾਈ ਪੂਰੀ ਕਰਨ ਦਾ ਸਮਾਂ

ਮੌਸਮ ਵਧੀਆ ਹੋ ਗਿਆ ਹੈ। ਕਿਸਾਨ ਦੇ ਜੀਵਨ ਵਿਚ ਇਹ ਦਿਨ ਸਭ ਤੋਂ ਵੱਧ ਰੁਝੇਵਿਆਂ ਭਰੇ ਹੁੰਦੇ ਹਨ। ਕਿਉਕਿ ਹਾੜ੍ਹੀ ਦੀ ਸਾਰੀ ਬਿਜਾਈ ਇਸੇ ਮਹੀਨੇ ਪੂਰੀ ਕਰਨੀ ਹੈ। ਇਹ ਕਹਾਵਤ ਤਾਂ ਸੁਣੀ ਹੋਵੇਗੀ 'ਕੱਤਕ ਜੱਟ ਨੂੰ ਪਈ ਬਿਜਾਈ ਮੋਈ ਮਾਂ ਭੜੋਲੇ ਪਾਈ'। ਕਣਕ ਦੀ ਬਿਜਾਈ ਪੂਰੇ ਜੋਰ ਨਾਲ ਚਲ ਰਹੀ ਹੈ। ਕੋਸ਼ਿਸ਼ ਕਰੋ ਕਿ ਇਸ ਨੂੰ ਇਸੇ ਮਹੀਨੇ ਪੂਰਾ ਕਰ ਲਿਆ ਜਾਵੇ। ਪਿਛੇਤੀ ਬਿਜਾਈ ਲਈ ਪਿਛੇਤੀਆਂ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ। ਕਣਕ ਪੰਜਾਬੀਆਂ ਦੀ ਮੁੱਖ ਖੁਰਾਕ ਹੀ ਨਹੀਂ ਸਗੋਂ ਪੰਜਾਬ ਦੀ ਆਰਥਿਕਤਾ ਦਾ ਵੀ ਧੁਰਾ ਹੈ। ਇਹ ਹਾੜ੍ਹੀ ਦੀ ਮੁੱਖ ਫਸਲ ਹੈ। ਦੂਜੀਆਂ ਸਾਰੀਆਂ ਫਸਲਾਂ ਦੇ ਮੁਕਾਬਲੇ ਇਸ ਦੀ ਕਾਸ਼ਤ ਸਭ ਤੋਂ ਵੱਧ ਰਕਬੇ ਵਿਚ ਕੀਤੀ ਜਾਂਦੀ ਹੈ। ਕਣਕ ਦੀ ਬਿਜਾਈ ਕੋਈ 35 ਲੱਖ ਹੈਕਟੇਅਰ ਤੋਂ ਵੀ ਵੱਧ ਰਕਬੇ ਵਿਚ ਕੀਤੀ ਜਾਂਦੀ ਹੈ। ਝੋਨੇ ਤੋਂ ਜਿਹੜੇ ਖੇਤ ਵਿਹਲੇ ਹੋਏ ਹਨ ਉਥੇ ਕਣਕ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ। ਜੇਕਰ ਖੇਤ ਵਿਚ ਪੂਰਾ ਵਤਰ ਹੈ ਅਤੇ ਨਦੀਨਾਂ ਦੀ ਸਮੱਸਿਆ ਨਹੀਂ ਹੈ ਤਾਂ ਕਣਕ ਦੀ ਬਿਜਾਈ ਬਿਨ੍ਹਾਂ ਖੇਤ ਦੀ ਵਹਾਈ ਕੀਤਿਆਂ ਜ਼ੀਰੋ-ਟਿਲ-ਡ੍ਰਿਲ ਨਾਲ ਕੀਤੀ ਜਾ ਸਕਦੀ ਹੈ। ਪੰਜਾਬ ਵਿਚ ਕਾਸ਼ਤ ਲਈ ਉੱਨਤ ਪੀ ਬੀ ਡਬਲਯੂ-343, ਉੱਨਤ ਪੀ ਬੀ ਡਬਲਯੂ-550, ਪੀ ਬੀ ਡਬਲਯੂ ਜ਼ਿੰਕ-2, ਪੀ ਬੀ ਡਬਲਯੂ-725, ਪੀ ਬੀ ਡਬਲਯੂ-677, ਐੱਚ ਡੀ-3086, ਡਬਲਯੂ ਐੱਚ 1105, ਐੱਚ ਡੀ-2967, ਪੀ ਬੀ ਡਬਲਯੂ-827, ਪੀ ਬੀ ਡਬਲਯੂ-824, ਸੁਨਿਹਰੀ ਤੇ ਇਸ ਵਾਰ ਇਕ ਨਵੀਂ ਕਿਸਮ 826 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਡਬਲਯੂ ਐੱਚ ਡੀ-943 ਅਤੇ ਪੀ ਬੀ ਡਬਲਯੂ-291 ਵਡਾਣਕ ਕਣਕ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ ਨਵੀਂ ਕਿਸਮ 826 ਦਾ 24 ਕੁਟਿੰਟਲ ਪ੍ਰਤੀ ਏਕੜ ਹੈ। ਮੌਸਮ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਵੇਖਦਿਆਂ ਹੋਇਆਂ ਸਾਰੇ ਰਕਬੇ ਵਿਚ ਇਕ ਕਿਸਮ ਨਾ ਬੀਜੀ ਜਾਵੇ ਸਗੋਂ ਦੋ ਜਾਂ ਤਿੰਨ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ।

ਝੋਨੇ ਦੀ ਵਾਢੀ ਪਿਛੋਂ ਪਰਾਲੀ ਨੂੰ ਅੱਗ ਲਾਉਣਾ ਕਾਨੂੰਨੀ ਜੁਰਮ ਹੈ। ਇਸ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਖਰਾਬ ਹੁੰਦੀ ਹੈ। ਜੇਕਰ ਕਣਕ ਦੀ ਵਾਢੀ ਕੰਬਾਈਨ ਨਾਲ ਕੀਤੀ ਹੈ ਅਤੇ ਖੇਤ ਵਿਚ ਠੀਕ ਨਮੀਂ ਹੈ ਤਾਂ ਹੈਪੀ ਸੀਡਰ ਨਾਲ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਖੇਤ ਵਿਚ ਖੜੀ ਪਰਾਲੀ ਨੂੰ ਪਰਾਲੀ ਕੱਟਣ ਵਾਲੀ ਮਸ਼ੀਨ ਨਾਲ ਕੱਟ ਕੇ ਖੇਤ ਵਿਚ ਖਿਲਾਰਿਆ ਜਾ ਸਕਦਾ ਹੈ। ਮੁੜ ਖੇਤ ਦੀ ਵਹਾਈ ਕਰਕੇ ਕਣਕ ਦੀ ਬਿਜਾਈ ਵੀ ਕੀਤੀ ਜਾ ਸਕਦੀ ਹੈ। ਇਸ ਵਾਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਬਿਜਾਈ ਦਾ ਇੱਕ ਨਵਾਂ ਢੰਗ ਦੱਸਿਆ ਹੈ। ਝੋਨੇ ਦੀ ਵਾਢੀ ਪਿੱਛੋਂ ਸੁੱਕੇ ਖੇਤ ਵਿਚ ਕਣਕ ਦੇ ਬਿਜਾਈ ਛੱਟੇ ਨਾਲ ਕਰ ਦੇਵੋ। ਮੁੜ ਬੀਜ ਨੂੰ ਪਰਾਲੀ ਕੱਟ ਕੇ ਖਿਲਾਰਨ ਵਾਲੀ ਮਸ਼ੀਨ ਨਾਲ ਪਰਾਲੀ ਕੱਟ ਕੇ ਢੱਕ ਦੇਵੋ। ਮੁੜ ਹਲਕਾ ਪਾਣੀ ਦੇਵੋ। ਵਹਾਈ ਅਤੇ ਗੋਡੀ ਤੋਂ ਛੁੱਟੀ।

ਇਕ ਏਕੜ ਦੀ ਬਿਜਾਈ ਲਈ 45 ਕਿਲੋ ਬੀਜ ਦੀ ਲੋੜ ਪੈਂਦੀ ਹੈ। ਜੇਕਰ ਉੱਨਤ ਪੀ ਬੀ ਡਬਲਯੂ-550 ਕਿਸਮ ਦੀ ਬਿਜਾਈ ਕਰਨੀ ਹੈ ਤਾਂ ਬੀਜ 50 ਕਿਲੋ ਪਾਉਣਾ ਚਾਹੀਦਾ ਹੈ। ਬੀਜ ਰੋਗ ਰਹਿਤ, ਸਾਫ ਸੁਥਰਾ ਅਤੇ ਨਰੋਆ ਹੋਵੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਕਣਕ ਲਈ ਜੈਵਿਕ ਖਾਦ ਤਿਆਰ ਕੀਤੀ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਇਸ ਦਾ ਟੀਕਾ ਜ਼ਰੂਰ ਲਗਾ ਲਵੋ। ਇਸ ਨਾਲ ਝਾੜ ਵਿਚ ਵਾਧਾ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ। 250 ਗ੍ਰਾਮ ਅਜ਼ੋਟੋਬੈਕਟਰ ਅਤੇ 250 ਗ੍ਰਾਮ ਸਟਰੈਪਟੋਮਾਈਸੀਜ ਖਾਦਾਂ ਨੂੰ ਇਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਇੱਕ ਏਕੜ ਦੇ ਬੀਜ ਨਾਲ ਰਲਾ ਦੇਵੋ। ਇਨ੍ਹਾਂ ਦੀ ਥਾਂ 500 ਗ੍ਰਾਮ ਕਨਸੋਰਸ਼ੀਅਮ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਪੱਕੇ ਫਰਸ਼ ਤੇ ਬੀਜ ਨੂੰ ਛਾਵੇਂ ਸੁਕਾ ਕੇ ਬੀਜ ਦੇਵੋ। ਬਿਜਾਈ ਸਮੇਂ ਲਾਈਨਾਂ ਵਿਚਕਾਰ 20 ਸੈਂ. ਮੀ. ਦਾ ਫਾਸਲਾ ਰੱਖਿਆ ਜਾਵੇ।

ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਅਨੁਸਾਰ ਕਰਨੀ ਚਾਹੀਦੀ ਹੈ। ਆਮ ਕਰਕੇ ਦਰਮਿਆਨੀਆਂ ਜ਼ਮੀਨਾਂ ਲਈ 110 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ ਅਤੇ 20 ਕਿਲੋ ਮੂਰੀਏਟ ਆਫ ਪੋਟਾਸ਼ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਗਈ ਹੈ। ਪੋਟਾਸ਼ ਉਦੋਂ ਹੀ ਪਾਵੋ ਜੇਕਰ ਮਿਟੀ ਪਰਖ ਅਨੁਸਾਰ ਇਸ ਦੀ ਲੋੜ ਹੋਵੇ। ਜੇਕਰ ਝੋਨੇ ਦੀ ਫੱਕ ਜਾਂ ਗੰਨੇ ਦੇ ਛਿਲਕੇ ਦੀ ਰਾਖ ਮਿਲ ਸਕੇ ਤਾਂ ਇਹ ਚਾਰ ਟਨ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ। ਇਸ ਨਾਲ ਸੁਪਰ ਫਾਸਫੇਟ



ਡਾ. ਰਣਜੀਤ ਸਿੰਘ

ਅੱਧੀ ਪਾਉਣੀ ਪਵੇਗੀ। ਧਰਤੀ ਦੀ ਸਿਹਤ ਵੀ ਠੀਕ ਹੋਵੇਗੀ। ਅੱਧਾ ਯੂਰੀਆ, ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਪਾਵੋ। ਬਾਕੀ ਦਾ ਯੂਰੀਆ ਪਹਿਲੇ ਪਾਣੀ ਨਾਲ ਪਾਉਣਾ ਚਾਹੀਦਾ ਹੈ। ਜੇਕਰ ਬਿਜਾਈ ਹੈਪੀ ਸੀਡਰ ਨਾਲ ਕੀਤੀ ਗਈ ਹੈ ਤਾਂ 44 ਕਿਲੋ ਯੂਰੀਆ ਪਹਿਲੇ ਪਾਣੀ ਨਾਲ ਅਤੇ ਇਤਨਾ ਹੀ ਯੂਰੀਆ ਦੂਜੇ ਪਾਣੀ ਨਾਲ ਪਾਉਣਾ ਚਾਹੀਦਾ ਹੈ। ਝੋਨੇ ਦੀ ਕਟਾਈ ਲਈ ਉਨ੍ਹਾਂ ਕੰਬਾਈਨਾਂ ਦੀ ਵਰਤੋਂ ਕਰੋ ਜਿਨ੍ਹਾਂ ਪਿਛੇ ਪੀ ਏ ਯੂ ਸੁਪਰ ਐਸ ਐਮ ਐਸ ਲੱਗਾ ਹੋਵੇ। ਇਹ ਪਰਾਲੀ ਨੂੰ ਕੱਟ ਕੇ ਖੇਤ ਵਿਚ ਖਿਲਾਰ ਦਿੰਦਾ ਹੈ।

ਹਾੜ੍ਹੀ ਦੀਆਂ ਦੂਜੀਆਂ ਫਸਲਾਂ ਜਿਵੇਂ ਕਿ ਜੌਂ, ਛੋਲੇ, ਮਸਰ ਤੇ ਸਰੋਂ ਦੀ ਬਿਜਾਈ ਹੁਣ ਪੂਰੀ ਕਰ ਲੈਣੀ ਚਾਹੀਦੀ ਹੈ। ਜੇਕਰ ਦੇਸੀ ਛੋਲਿਆਂ ਦੀ ਬਿਜਾਈ ਪਿਛੇਤੀ ਹੋ ਜਾਵੇ ਤਾਂ ਬੀਜ ਮਾਤਰਾ ਵਧਾ ਕੇ 27 ਕਿਲੋ ਪ੍ਰਤੀ ਏਕੜ ਕਰ ਦੈਣੀ ਚਾਹੀਦੀ ਹੈ। ਨੀਮ ਪਹਾੜੀ ਅਤੇ ਸਿੱਲ੍ਹ ਵਾਲੇ ਇਲਾਕਿਆਂ ਵਿਚ ਪੀ ਬੀ ਜੀ-5 ਕਿਸਮ ਬੀਜੋ, ਬਾਕੀ ਇਲਾਕੇ ਵਿਚ ਜੀ ਪੀ ਐਫ-2, ਪੀ ਬੀ ਜੀ-10, ਪੀ ਬੀ ਜੀ-10, ਪੀ ਬੀ ਜੀ-7, ਪੀ ਬੀ ਜੀ-8 ਕਿਸਮਾਂ ਬੀਜੋ। ਕਾਬਲੀ ਛੋਲਿਆਂ ਦੀ ਐਲ-552 ਕਿਸਮ ਹੈ। ਮਸਰਾਂ ਦੀ ਬਿਜਾਈ ਲਈ ਐਲ ਐਲ-1373, ਐਲ ਐਲ-931 ਕਿਸਮਾਂ ਬੀਜੋ। ਇਕ ਏਕੜ ਲਈ 15 ਕਿਲੋ ਬੀਜ ਵਰਤੋਂ। ਪਰ ਐਲ ਐਲ-1373 ਦਾ 18 ਕਿਲੋ ਬੀਜ ਵਰਤੋ।

ਇਸੇ ਤਰ੍ਹਾਂ ਜੌਂਆਂ ਦੀਆਂ ਡੀ ਡਬਲਯੂ ਆਰ ਬੀ-123, ਪੀ ਐਲ-807, ਡੀ ਡਬਲਯੂ ਆਰ ਯੂ ਬੀ-52 ਤੇ ਪੀ ਐਲ-426 ਡੀ ਡਬਲਯੂ ਆਰ ਬੀ -123 ਅਤੇ ਪੀ. ਐੱਲ.-891 ਦੀ ਸਿਫਾਰਿਸ਼ ਕੀਤੀ ਗਈ ਹੈ। ਨਵੀਂ ਕਿਸਮ 123 ਤੋਂ 20 ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਪੀ. ਐੱਲ.-891 ਕਿਸਮ ਤੋਂ ਛਿਲਕਾ ਰਹਿਤ ਹੋਣ ਕਰਕੇ ਸਤੂ, ਫਲੇਕਸ ਅਤੇ ਆਟਾ ਵਧੀਆ ਬਣਦਾ ਹੈ। ਸਾਬਤ ਦਾਣੇ ਵੀ ਖਾਣ ਲਈ ਵਰਤੇ ਜਾ ਸਕਦੇ ਹਨ। ਕੁਝ ਇਲਾਕਿਆਂ ਵਿਚ ਪਕਾਵੇ ਮਟਰਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਨ੍ਹਾਂ ਦੀ ਬਿਜਾਈ ਵੀ ਹੁਣ ਪੂਰੀ ਕਰ ਲੈਣੀ ਚਾਹੀਦੀ ਹੈ। ਆਈ ਪੀ ਐੱਫ ਡੀ 12-2 ਉੱਨਤ ਕਿਸਮ ਹੈ। ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ ਵੀ ਹੁਣ ਪੂਰੀ ਕਰ ਲੈਣੀ ਚਾਹੀਦੀ ਹੈ। ਇਸ ਦੇ ਸਿਆੜ ਕਣਕ ਵਿਚ ਵੀ ਲਗਾਏ ਜਾ ਸਕਦੇ ਹਨ। ਪੀ ਸੀ-6 ਅਫਰੀਕਨ ਸਰ੍ਹੋਂ ਦੀ ਕਿਸਮ ਹੈ। ਇਸ ਦਾ ਝਾੜ-8 ਕੁਇੰਟਲ ਤੱਕ ਪ੍ਰਾਪਤ ਕੀਤਾ ਜਾ ਸਕਦਾ ਹੈ। ਆਰ ਸੀ ਐੱਚ-1, ਪੀ ਐੱਚ ਆਰ-126, ਗਿਰੀਰਾਜ, ਆਰ ਐਲ ਸੀ-3, ਪੀ ਬੀ ਆਰ-357, ਪੀ ਬੀ ਆਰ-97, ਪੀ ਬੀ ਆਰ-91 ਰਾਇਆ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਕ ਏਕੜ ਵਿਚ ਡੇਢ ਕਿਲੋ ਬੀਜ ਦੀ ਲੋੜ ਹੈ। ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ ਉਤੇ ਕਰਨੀ ਚਾਹੀਦੀ ਹੈ। ਆਮ ਖੇਤਾਂ ਵਿਚ 40 ਕਿਲੋ ਨਾਈਟ੍ਰੋਜਨ, 12 ਕਿਲੋ ਫਾਸਫੋਰਸ ਅਤੇ ਛੇ ਕਿਲੋ ਪੋਟਾਸ਼ ਪਾਵੋ। ਅੱਧੀ ਨਾਈਟ੍ਰੋਜਨ ਤੇ ਦੂਜੀਆਂ ਸਾਰੀਆਂ ਖਾਦਾਂ ਬਿਜਾਈ ਸਮੇਂ ਪਾਵੋ। ਬਾਕੀ ਦੀ ਅੱਧੀ ਨਾਈਟ੍ਰੋਜਨ ਪਹਿਲੇ ਪਾਣੀ ਨਾਲ ਪਾਵੋ।

ਕਸੁੰਭੜਾ ਰਕੜਾਂ ਵਿਚ ਉੱਗਣ ਵਾਲਾ ਬੂਟਾ ਹੈ। ਇਸ ਨੂੰ ਪਾਣੀ ਦੀ ਬਹੁਤ ਘੱਟ ਲੋੜ ਪੈਂਦੀ ਹੈ। ਇਹ ਹਰ ਤਰ੍ਹਾਂ ਦੀ ਧਰਤੀ ਵਿਚ ਹੋ ਜਾਂਦਾ ਹੈ। ਇਸ ਦੇ ਬੀਜਾਂ ਦੇ ਤੇਲ ਨੂੰ ਬਹੁਤ ਪਸੰਦ ਕੀਤਾ ਜਾਣ ਲੱਗ ਪਿਆ ਹੈ। ਮਾਰੂ ਧਰਤੀ ਵਿਚ ਇਸ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਕ ਏਕੜ ਲਈ ਛੇ ਕਿਲੋ ਬੀਜ ਚਾਹੀਦੀ ਹੈ। ਬਿਜਾਈ ਸਮੇਂ 35 ਕਿਲੋ ਯੂਰੀਆ ਪ੍ਰਤੀ ਏਕੜ ਪਾਵੋ। ਨਦੀਨਾਂ ਦੀ ਰੋਕਥਾਮ ਲਈ ਇੱਕ ਗੋਡੀ ਜ਼ਰੂਰ ਕਰੋ। ਇਕ ਏਕੜ ਵਿਚੋਂ ਕੋਈ ਛੇ ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ।

ਸਬਜ਼ੀਆਂ ਦੀ ਕਾਸ਼ਤ ਬਾਰੇ ਤੁਹਾਡੇ ਨਾਲ ਗਲਬਾਤ ਹੁੰਦੀ ਹੀ ਰਹਿੰਦੀ ਹੈ। ਜੇਕਰ ਸਬਜ਼ੀਆਂ ਦੀ ਬਿਜਾਈ ਨਹੀਂ ਕੀਤੀ ਤਾਂ ਹੁਣ ਵੀ ਕੁਝ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਮਟਰ ਸਰਦੀਆਂ ਦੀ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਸਬਜ਼ੀ ਹੈ। ਜੇਕਰ ਕੁਝ ਥਾਂ ਵਿਹਲੀ ਹੈ ਤਾਂ ਉਥੇ ਮਟਰ ਜ਼ਰੂਰ ਬੀਜੋ। ਹੁਣ ਦੀ ਬਿਜਾਈ ਲਈ ਪੰਜਾਬ-89 ਅਤੇ ਮਿੱਠੀ ਫਲੀ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਇਕ ਏਕੜ ਲਈ 30 ਕਿਲੋ ਬੀਜ ਦੀ ਲੋੜ ਪੈਂਦੀ ਹੈ। ਬਿਜਾਈ ਸਮੇਂ ਲਾਈਨਾਂ ਵਿਚਕਾਰ 30 ਅਤੇ ਬੂਟਿਆਂ ਵਿਚਕਾਰ 10 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਬੀਜਣ ਤੋਂ ਪਹਿਲਾਂ ਬੀਜ ਨੂੰ ਰਾਈਜ਼ੋ ਬੀਅਮ ਦਾ ਟੀਕਾ ਜ਼ਰੂਰ ਲੈਣਾ ਚਾਹੀਦਾ ਹੈ। ਜੇਕਰ ਹੋ ਸਕੇ ਤਾਂ ਖੇਤ ਤਿਆਰ ਕਰਨ ਤੋਂ ਪਹਿਲਾਂ ਅੱਠ ਟਨ ਰੂੜੀ ਪ੍ਰਤੀ ਏਕੜ ਪਾਈ ਜਾਵੇ। ਮਟਰ ਭਾਵੇਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਚੰਗਾ ਬਣਾਉਂਦੇ ਹਨ ਪਰ ਬੀਜਣ ਸਮੇਂ 45 ਕਿਲੋ ਯੂਰੀਆ ਅਤੇ 155 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਈ ਜਾਵੇ। ਨਦੀਨਾਂ ਨੂੰ ਰੋਕਣ ਲਈ ਗੋਡੀ ਜ਼ਰੂਰ ਕਰੋ। ਬਿਜਾਈ ਤੋਂ ਤਿੰਨ ਮਹੀਨਿਆਂ ਪਿਛੋਂ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ।

